# ਅੰਮ੍ਰਿਤ ਕੀਰਤਨ

ਦਸੰਬਰ 2011




Courtesy : flickr.com

ਆਨਰੇਰੀ ਸੰਪਾਦਕ
ਡਾ. ਜਾਗੀਰ ਸਿੰਘ

ਮੁੱਲ 15/-



## ਜਿਸਕੀ ਬਸਤੁ ਤਿਸੁ ਆਗੈ ਰਾਖੈ

ਰੋਂਦੇ ਰੋਂਦੇ ਆਇਉਂ ਬੰਦਿਆ,
ਹੁਣ ਤਾਂ ਹੱਸਦਾ ਹੱਸਦਾ ਜਾ।

ਜੋ ਸੁਆਸ ਤੂੰ ਲਏ ਉਧਾਰੇ,
ਹੁਣ ਉਹ ਖੁਸ਼ੀਆਂ ਨਾਲ ਮੁਕਾ।

ਜਿਸ ਦੀ ਚੀਜ਼, ਉਸੇ ਨੂੰ ਦੇਈਏ,
ਮੋੜ ਅਮਾਨਤ ਵਾਪਸ ਜਾ।

ਮੁਕਤ ਦਾਤ ਰੱਬ ਦੇਵੇ ਖੁਸ਼ੀਆਂ,
ਆਉਣਾ ਪਵੇ ਨ ਜਾ।

**ਪੁਸਤਕ -ਗੁੱਝੀਆਂ ਰਮਜ਼ਾਂ : ਕਵੀ ਸੁਰਗਵਾਸੀ ਸੰਤ ਸੰਤੋਖ ਸਿੰਘ**

# ਅੰਮ੍ਰਿਤ ਕੀਰਤਨ


ਸੰਪਾਦਕ (ਆਨਰੇਰੀ)

**ਡਾ. ਜਾਗੀਰ ਸਿੰਘ**

ਐਮ.ਏ. (ਸੰਗੀਤ, ਪੰਜਾਬੀ, ਧਾਰਮਿਕ ਅਧਿਐਨ), ਪੀ.ਐਚ.ਡੀ

ਸਹਿਯੋਗੀ

**ਸ. ਹਰਭਜਨ ਸਿੰਘ ▲ ਸ. ਉੱਤਮ ਸਿੰਘ**

ਆਨਰੇਰੀ ਸਲਾਹਕਾਰ

**ਸ: ਹਰਚੰਦਨ ਸਿੰਘ**


- ਲੇਖਾਂ ਵਿੱਚ ਪ੍ਰਗਟਾਏ ਵਿਚਾਰ ਲੇਖਕਾਂ ਦੇ ਨਿੱਜੀ ਹਨ। ਇਨ੍ਹਾਂ ਨਾਲ ਸੰਪਾਦਕ ਜਾਂ ਅੰਮ੍ਰਿਤ ਕੀਰਤਨ ਟ੍ਰਸਟ ਦਾ ਸਹਿਮਤ ਹੋਣਾ ਜ਼ਰੂਰੀ ਨਹੀਂ ਹੈ।
- 'ਅੰਮ੍ਰਿਤ ਕੀਰਤਨ' ਡਾਇਰੈਕਟਰ ਸਿੱਖਿਆ ਵਿਭਾਗ ਪੰਜਾਬ, ਚੰਡੀਗੜ੍ਹ ਦੇ ਪੱਤਰ ਨੰ: ੪/੮/੯੦ ਮਿਤੀ ੨੦/੨/੯੧ ਅਨੁਸਾਰ ਰਾਜ ਦੇ ਸੀਨੀਅਰ ਸੈਕੰਡਰੀ ਸਕੂਲਾਂ ਦੀਆਂ ਲਾਇਬ੍ਰੇਰੀਆਂ ਲਈ ਪ੍ਰਵਾਨਿਤ ਹੈ।
- Donations are eligible for relief u/s 80 G of Income-Tax Act, 1961 (43 of 1961) vide CIT/-I/ CHD/ Tech./ 80-G/ 2008-939 dated 19-05-2008 valid upto 31/03/2012

### ਚੰਦੇ ਦਾ ਵੇਰਵਾ

- ਦੇਸ਼: ਇਕ ਕਾਪੀ 15 ਰੁ., ਦੇਸ਼ ਸਾਲਾਨਾ ਡਾਕ ਰਾਹੀਂ 150 ਰੁ., ਕੋਰੀਅਰ ਰਾਹੀਂ 500 ਰੁਪਏ
  ਜੀਵਨ ਮੈਂਬਰ 1500 ਰੁ.
- ਵਿਦੇਸ਼: ਸਲਾਨਾ 30 £, ਜੀਵਨ ਮੈਂਬਰ 300 £
- 'ਅੰਮ੍ਰਿਤ ਕੀਰਤਨ' ਲਈ ਡਰਾਫਟ
  'ਅੰਮ੍ਰਿਤ ਕੀਰਤਨ ਟ੍ਰਸਟ' ਦੇ ਨਾਮ ਹੀ ਭੇਜੇ ਜਾਣ ਜੀ।
  ਜਾਂ State Bank of Patiala ਵਿਚ Amrit Kirtan Trust A/c 65079603302 ਵਿਚ ਸਿੱਧਾ ਜਮਾਂ ਕਰਾ ਕੇ ਸਾਨੂੰ ਸੂਚਿਤ ਕਰੋ ਜੀ


ਚਿੱਠੀ ਪੱਤਰ ਅਤੇ ਰਚਨਾਵਾਂ ਭੇਜਣ ਲਈ ਪਤਾ

ਅੰਮ੍ਰਿਤ ਕੀਰਤਨ ਟ੍ਰਸਟ (ਰਜਿ.)

422, ਸੈਕਟਰ 15-ਏ, ਚੰਡੀਗੜ੍ਹ 160 015

ਫੋਨ : 0172-277266●, ●9814● 5363●

e-mail: drjagirsingh@gmail.com

Website : www.amritkirtan.com, www.gurshabad.com



ਡਾ. ਜਾਗੀਰ ਸਿੰਘ, ਪ੍ਰਧਾਨ 'ਅੰਮ੍ਰਿਤ ਕੀਰਤਨ ਟ੍ਰਸਟ' ਨੇ ਸਿਰਜਣਾ ਪ੍ਰਿੰਟਰਜ਼ ਅਤੇ ਸਟੇਸ਼ਨਰਜ਼, ਐਸ. ਸੀ. ਐਫ. 107, ਫੇਜ਼-7, ਮੁਹਾਲੀ ਤੋਂ ਛਪਵਾ ਕੇ 422, ਸੈਕਟਰ 15-ਏ, ਚੰਡੀਗੜ੍ਹ ਤੋਂ ਪ੍ਰਕਾਸ਼ਿਤ ਕੀਤਾ।

**Type Setting & Designed by :**
**Rajpreet Singh Khural - 9915545084**


## ਇਸ ਅੰਕ ਵਿਚ


ਮ੍ਰਿਤ ਅਸਾਡੜੇ ਸੇਈ — 4

ਕਰਉ ਬੇਨੰਤੀਆ — 5

ਸੰਤ ਸੁਜਾਨ ਸਿੰਘ* ਜੀ ਦੀ ਲਾਸਾਨੀ ਕੀਰਤਨ ਕਲਾ
ਗੁਰਨਾਮ ਸਿੰਘ (ਡਾ.) — 6

ਗੁਰੂ ਰਾਮਦਾਸ : ਜੀਵਨ, ਸ਼ਖ਼ਸੀਅਤ ਅਤੇ ਸੰਗੀਤਕ ਪਰੰਪਰਾ
ਡਾ. ਜਸਬੀਰ ਕੌਰ — 8

ਸ਼ਬਦ ਸੁਰਲਿਪੀਕਾਰ ਸ੍ਰ. ਗਿਆਨ ਸਿੰਘ ਐਬਟਾਬਾਦ
ਜਬਰਜੰਗ ਸਿੰਘ — 16

BHAI JWALA SINGH
The Icon Of Ancient Sikh Religious Music
Harjap Singh Aujla — 19

ਸੁਰ ਲਿਪੀ - ਰਾਗੁ ਸੂਹੀ, ਤਿੰਨ ਤਾਲ — 24

ਸੁਰ ਲਿਪੀ ਵਾਲੇ ਸ਼ਬਦ ਦੇ ਅਰਥ — 25


**Please forward your e-mail id at drjagirsingh@gmail.com**

# ਮਿਤ੍ਰ ਅਸਾਡੜੇ ਸੇਈ

Thanks for October 2011 issue of "Amrit Kirtan received two days back, which is a wonderful edition containing almost all articles providing valuable, educative information on Gurbani Kirtan for the benefit of mankinds and lovers of Kirtan listeners/ Kirtanya's. Our heartiest congratulations to Sr.Harbhajan Singh (Namdheri) for getting Sangeet Natak Academy Award in recognition of his contribution to spread Gurbani Kirtan in its original Raga's as enshrined in Sri Guru Granth Sahib.

2. Equally we also send our heartiest congratulations to Dr. Jaspal Singh, Vice Chancellor, Punjabi University, Patiala for the stpes he has taken for the promotion of Gurbani Kirtan in co-operation with SGPC, Sri Amritsar. Dr. Gurnam Singh, who has conducted this important project is himself an expert and master of Gurbani Kirtan art in its original form. His soul stiring rendering of "Bhaj Ram, Ram Ram" at Diwan Ashthan, Manji Sahib, Sri Amritsar on 8-x-2011 was an excellent exposition of classical item.

3. I do appreciate your "Karo Baynantia" and such episode may be published from time to time in further.

4. I am very much delighted to read that within a month to my suggestion (Amrit Kirtan August 2011) for the presentation of Bhai Samund Singh Kirtan has been fullfilled. We must congratulate you and SR. Mohinder Singh Bindra ji in this regards. Please send me 5 Cd's for our use here.

5. Once again, I would love to suggest Sr. M.S. Bindra ji to aprepare "Asa Di War Kirtan of Bhai Samund Singh ji on CD for permanent Conservation, if not already done so. I wonder if you himself have not yet sung "Asa di War" If so, I have already requested you for 2 CD's to be send in my e-mail of 6-6-11

6. Please visit Gurbani Jag meh Chandn Stall at Gurudwara Bangla Sahib, New Delhi between 04-1-2011 to 16-11-2011.

With admiring and respect full regrads.

Bhagwant Singh


**Communication Centre**
**Formal Restaurants**
**Exhibition Rooms**
**Accommodation**
**Informal Eating**
**Tours & Travels**
**Conferencing**
**Floral Shop**

THE AROMA

**Premium Event Centre**
**Millennium Centre**
**Deliberations**
**Abhinandan**
**Exporama**
**Mind Set**
**Art Craft**

**Sector: 22 - C, Chandigarh,**
**Ph.:** 2700045-48 **Fax :** 0172-2700051
**E-mail :** hotelaroma@glide.net.in
**Website :** www.hotelaroma.com

# ਸ੍ਰੀ ਗੁਰੂ ਗ੍ਰੰਥ ਸਾਹਿਬ ਜੀ
# ਦੀ ਬਾਣੀ ਦਾ
# ਅਖੰਡ ਪਾਠ ਕਰਵਾਉਣ ਨਾਲੋਂ
# **ਆਪ**
# ਸਹਿਜ ਪਾਠ **ਕਰਨਾ**
# **ਵਧੇਰੇ ਸਾਰਥਿਕ ਹੈ**

## **...ਤੁਹਾਡਾ ਕੀ ਵਿਚਾਰ ਹੈ?**

# ਸੰਤ ਸੁਜਾਨ ਸਿੰਘ ਜੀ ਦੀ ਲਾਸਾਨੀ ਕੀਰਤਨ ਕਲਾ

## ਡਾ. ਗੁਰਨਾਮ ਸਿੰਘ

ਚੌੜਾ ਮਸਤਕ, ਭਰਵਾਂ ਚਿਹਰਾ, ਨਾਮ ਖੁਮਾਰੀਆਂ ਅੱਖਾਂ, ਦੁਧੀਆ ਸਫੈਦ ਬਸਤਰ, ਗੋਲ ਚਿੱਟੀ ਅਤੇ ਦਸਤੂਰੀ ਦਸਤਾਰ, ਨੂਰਾਨੀ ਮਸਤੀ ਤੇ ਪ੍ਰਭੂ ਪ੍ਰੇਮ ਵਿਚ ਰੰਗੀ ਨਿਰਮਾਣਤਾ ਦਾ ਨਾਂ ਹੈ, ਸੰਤ ਸੁਜਾਨ ਸਿੰਘ ਜੀ ਦਿੱਲੀ ਵਾਲੇ।

ਜੇ ਉਨ੍ਹਾਂ ਦੀ ਤੋਰ ਹੈ ਤਾਂ ਅਸਲੋਂ ਸਹਿਜ ਸੁਭਾਵੀ ਪਾਣੀਆਂ ਤੇ ਤੈਰਨ ਵਾਂਗ, ਜੇ ਬੈਠਕ ਹੈ ਤਾਂ ਅਹਿੱਲ ਤੇ ਅਡੋਲ ਸੰਗਮਰਮਰੀ ਚਾਂਦਨੀ ਚਿੱਟੀ ਮੂਰਤੀ ਵਾਂਗ, ਜੇ ਬੋਲ ਹਨ ਤਾਂ ਗਹਿਰ ਗੰਭੀਰ ਅਰਥਾਂ ਵਾਲੇ, ਗੁੱਝੀਆਂ ਰਮਜਾਂ ਵਾਲੇ, ਪ੍ਰਕਿਰਤੀ ਨਾਲ ਇਕਮਿਕ ਹੋਏ, ਪਹਾੜਾਂ ਤੋਂ ਵਹਿੰਦੇ ਝਰਨੇ ਵਾਂਗ।

ਇਕ ਮਹਾਨ ਤਪੱਸਵੀ, ਰਿਸ਼ੀ ਆਤਮਾ ਦੀ ਸਮਾਧੀ ਵਾਂਗ, ਸੰਤ ਸੁਜਾਨ ਸਿੰਘ ਜੀ ਦੇ ਕੀਰਤਨ ਵਿਚ ਅਨੋਖੀ ਤੇ ਅਗੰਮੀ ਖਿੱਚ ਸੀ। ਸੁਰੀਲਾਪਣ ਇੰਜ, ਜਿਵੇਂ ਸੰਗੀਤ ਦੀ ਦੇਵੀ ਸਰਸਵਤੀ ਨੇ, ਆਪਣੇ ਕੂਲੇ, ਕੋਮਲ, ਕਰਾਮਾਤੀ ਕਰਾਂ ਨਾਲ ਇਨ੍ਹਾਂ ਦੇ ਕੰਠ ਨੂੰ ਸੋਧਿਆ ਸਵਾਰਿਆ ਹੋਵੇ।

ਆਪ ਦੀ ਕੀਰਤਨ ਸ਼ੈਲੀ ਨਾਲ ਇਕ ਨਵੇਂ ਯੁੱਗ ਦਾ ਆਰੰਭ ਮੰਨਿਆ ਜਾ ਸਕਦਾ ਹੈ, ਜਿਸ ਵਿਚ ਕਲਾਸੀਕਲ ਸੰਗੀਤ ਨਾਲ ਸਬੰਧਤ ਸਾਰੀਆਂ ਧਾਰਾਵਾਂ ਆ ਜਾਂਦੀਆਂ ਹਨ। ਬਰਫ਼ ਦੇ ਗਲੇਸ਼ੀਅਰ ਵਾਂਗ ਪਿਘਲਦੇ ਅਣਗਿਣਤ, ਬੇਜੋੜ ਤੇ ਚਮਤਕਾਰੀ ਪ੍ਰਭਾਵ ਵਾਲੇ ਅਲਾਪ ਸਨ। ਜੋ ਮਨਾਂ ਨੂੰ ਮੋਮ ਕਰਦੇ ਅਤੇ ਰੂਹ ਨੂੰ ਅਨੋਖੀ ਮਸਤੀ ਤੇ ਰੂਹਾਨੀ ਖੇੜਾਂ ਪ੍ਰਦਾਨ ਕਰਦੇ ਸਨ।

ਭਿੰਨ ਭਿੰਨ ਪ੍ਰਕਾਰ ਦੀਆਂ ਅਨੇਕਾਂ ਤਾਨਾਂ, ਮੁਰਕੀਆਂ ਤੇ ਮੁਖੜੇ, ਆਪ ਦੀ ਅਵਾਜ਼ ਵਿਚੋਂ ਕੁਦਰਤੀ ਝਰਨੇ ਵਾਂਗ ਫੁੱਟਦੇ ਸਨ। ਕਿਸੇ ਥਾਂ ਕੋਈ ਬਨਾਵਟ ਨਹੀਂ ਸੀ, ਨਾ ਕਿਸੇ ਸੁਰ, ਅਲਾਪ ਜਾਂ ਤਾਨ ਵਿਚ ਕਿਧਰੇ ਦੁਹਰਾਅ ਹੁੰਦਾ ਸੀ, ਘੰਟਿਆਂ ਬੱਧੀ ਕੀਰਤਨ ਚੌਕੀ ਵਿਚ, ਹਰ ਅਲਾਪ, ਤਾਨ ਜਾਂ ਮੁਰਕੀ ਹਰ ਬਾਰ ਨਵੀਨ ਅਤੇ ਅਨੋਖੀ ਹੁੰਦੀ ਸੀ।

ਆਪ ਦੀ ਗਾਇਨ ਕਲਾ "ਜਨ ਮਨ ਕੋ ਮੋਹਿਤ ਕਰੈ..." ਦੀ ਪਰਿਭਾਸ਼ਾ ਉੱਤੇ ਪੂਰੀ ਉਤਰਦੀ ਅਤੇ ਸਰੋਤਿਆਂ ਨੂੰ ਕੀਲ ਕੇ ਰੱਖ ਦਿੰਦੀ ਸੀ। ਆਪ ਨੂੰ ਕਿਸੇ ਬਾਹਰੀ ਸ਼ਿੰਗਾਰੇ ਹੋਏ ਵਾਤਾਵਰਣ ਦੀ ਲੋੜ ਨਹੀਂ ਸੀ ਹੁੰਦੀ। ਉਨ੍ਹਾਂ ਦੀ ਜਾਦੂ ਧੂੜਦੀ ਅਵਾਜ਼ ਹੀ ਕੋਮਲ ਅਤੇ ਮਧੁਰ ਵਾਤਾਵਰਣ ਦੀ ਆਪ ਉਸਾਰੀ ਕਰ ਲੈਂਦੀ ਸੀ। ਫੁੱਲ ਦੁਆਲੇ ਗਾਉਂਦੀਆਂ ਮਧੂ ਇਕੱਤਰੀਆਂ ਵਾਂਗ ਸਰੋਤੇ ਆਪ ਮੁਹਾਰੇ ਹੀ ਉਨ੍ਹਾਂ ਦੇ ਕੀਰਤਨ ਵੱਲ ਖਿੱਚੇ ਜਾਂਦੇ ਸਨ। ਉਨ੍ਹਾਂ ਦੇ ਅਲਾਪ ਨਾਲ ਜੰਗਲ ਵਿਚ ਮੰਗਲ ਲੱਗ ਜਾਂਦੇ, ਉਜਾੜਾਂ ਵਿਚ ਸਰਗਮਾਂ ਦੀਆਂ ਗੁਲਜ਼ਾਰਾਂ ਮਹਿਕ ਉੱਠਦੀਆਂ।

ਆਪ ਦੀ ਗਾਇਨ ਸ਼ੈਲੀ, ਲੈਅ-ਪਰਧਾਨ ਸੀ, ਉਹ ਲੈਅ ਜੋ ਮਨੁੱਖੀ ਜਜ਼ਬਿਆਂ ਵਿਚ ਥਿਰਕਣ ਅਤੇ ਅੰਗਾਂ ਵਿਚ ਨਿਰਤ ਕਰਨ ਦੀ ਉਕਸਾਹਟ ਪੈਦਾ ਕਰਦੀ ਹੈ। ਇਹ ਵੀ ਆਖਿਆ ਜਾ ਸਕਦਾ ਹੈ ਕਿ ਆਪ ਦਾ ਕੀਰਤਨ ਬਿਰਹਾ ਅਤੇ ਵਿਯੋਗ ਪਰਧਾਨ ਕੀਰਤਨ ਸੀ। ਹੈਰਾਨੀ ਵਾਲੀ ਗੱਲ ਇਹ ਹੈ ਕਿ ਉਨ੍ਹਾਂ ਦੀ ਕੀਰਤਨ ਚੌਕੀ ਸਮੇਂ, ਰਸ ਨਾਲ ਕੀਲੇ ਹੋਏ, ਹਜ਼ਾਰਾਂ ਸਰੋਤੇ ਆਪ ਮੁਹਾਰੇ ਕੀਰਤਨ ਦੇ ਨਾਲ ਗਾਉਣ ਲੱਗ ਜਾਂਦੇ ਸਨ, ਇਸ ਤਰ੍ਹਾਂ ਨਾਲ ਹਜ਼ਾਰਾਂ ਸਮੂਹਿਕ ਅਵਾਜ਼ਾਂ ਦੀਆਂ ਅਨੋਖੀਆਂ ਗੂੰਜਾਂ ਸਮੋਹਕੀ ਬਣ ਜਾਂਦੀਆਂ ਹਨ। ਅਜਿਹੀ ਪ੍ਰਭਾਵੀ ਮਿਸਾਲ ਹੋਰ ਕਿਧਰੋਂ ਮਿਲਣੀ ਬਹੁਤ ਔਖੀ ਹੈ।

ਪੁਰਾਤਨ ਰੀਤਾਂ ਦੇ ਨਾਲ ਨਾਲ ਆਪ ਨੇ ਹੋਰ ਅਨੇਕਾਂ ਸਰਲ ਤੇ ਸੌਖੀਆਂ ਮੌਲਿਕ ਰੀਾਂ ਦੀ ਜਿਸ ਢੰਗ ਨਾਲ ਸਿਰਜਣਾ ਕੀਤੀ, ਉਸ ਤੋਂ ਇਹ ਪ੍ਰਭਾਵ ਪੈਂਦਾ ਹੈ ਜਿਵੇਂ ਸਿਰਜਣਹਾਰੇ ਗੁਰੂ ਸਾਹਿਬਾਨ ਨੇ ਆਪ ਹੀ ਇਨ੍ਹਾਂ ਰੀਤਾਂ ਵਿਚ, ਇਨ੍ਹਾਂ

ਤਾਲਾਂ ਵਿਚ ਅਤੇ ਇਸ ਲੈਅ ਵਿਚ ਗਾਉਣ ਲਈ ਗੁਰਬਾਣੀ ਸ਼ਬਦ ਦੀ ਸਿਰਜਣਾ ਕੀਤੀ ਹੋਵੇ। ਮਹਾਰਾਜਾ ਰਣਜੀਤ ਸਿੰਘ ਵਾਲੇ ਸਾਂਝੇ ਪੰਜਾਬ ਦੇ ਲਗਭਗ ਸਾਰੇ ਨਿੱਕੇ ਵੱਡੇ ਸ਼ਹਿਰਾਂ ਵਿਚ ਆਪ ਦੀ ਅਵਾਜ਼ ਗੂੰਜ ਦੇ ਰਹੀ ਹੈ। ਆਪ ਜੀ ਦੀ ਗਾਇਕੀ ਨਾਲ ਮਾਲਵੇ ਦੇ ਪੇਂਡੂ ਖੇਤਰਾਂ ਵਿਚ ਇਹ ਪਹਿਲਾ ਮੌਕਾ ਸੀ ਕਿ ਇਸ ਸੰਗੀਤ ਪੱਖੋਂ ਸੁੱਤੀ ਪਈ ਧਰਤੀ ਤੇ ਇਨ੍ਹਾਂ ਦੇ ਸੰਗੀਤ ਦੀਆਂ ਸੁਰਾਂ ਦੀ ਗੂੰਜ ਪਈ, ਤਬਲੇ ਦੀ ਕਨਾਰ ਟੁਣਕੀ ਤੇ ਧਾਮੇ ਦੀ ਗੁੰਜਾਰ ਪਈ। ਵਾਇਲਨ ਅਤੇ ਦਿਲਰੁਬਾ ਤੇ ਗਜ਼ ਤੇ ਤਾਰਾਂ ਥਿਰਕੀਆਂ। ਆਧੁਨਿਕ ਤੇ ਨਵੀਨ ਸਾਜ਼ਾਂ ਅਵਾਜ਼ਾਂ ਦੇ ਲੁਕਾਈ ਨੇ ਦਰਸ਼ਨ ਕੀਤੇ। ਇਨ੍ਹਾਂ ਦੇ ਜੱਥੇ ਵਿਚ ਹਰਮੋਨੀਅਮ ਵਾਜਾ, ਤਬਲਾ, ਵਾਇਲਨ, ਦਿਲਰੁਬਾ ਆਦਿ ਸਾਜ਼ ਸਾਥ ਦਿੰਦੇ ਸਨ। ਸਾਜ਼ਾਂ ਅਵਾਜ਼ਾਂ ਵਿਚ ਵੰਨ ਸੁਵੰਨਤਜਾ ਤੇ ਭਿੰਨਤਾ ਵਿਚ ਵੀ ਇਕ ਅਨੋਖਾ, ਮਨਮੋਹਕ ਸੁਮੇਲ ਤੇ ਇਕਸੁਰਤਾ ਸੀ। ਕੋਈ ਅਵਾਜ਼ ਕਿਸੇ ਤੇ ਭਾਰੂ ਨਹੀਂ ਸੀ ਹੁੰਦੀ, ਨਾ ਹੀ ਬੇਲੋੜੀ ਖੜਕੀ ਜਾਂ ਅਗੇ ਪਿੱਛੇ ਹੁੰਦੀ ਸੀ। ਮੋਹ ਲੈਣ ਵਾਲੀ ਸਾਜ਼ਾਂ ਅਵਾਜਾਂ ਦੀ ਬੇਜੋੜ ਮਿਲਤ ਇਕ ਸਰੂਰਿਆ ਪਰਭਾਵ ਧੂੜਦੀ ਸੀ। ਜਿੱਥੇ ਸੁਣਨ ਲਈ ਕੰਨ ਉਤਾਵਲੇ ਹੁੰਦੇ ਸਨ, ਉੱਥੇ ਸਰੋਤਿਆਂ ਦੀਆਂ ਵੇਖਣ ਲਈ ਅੱਖਾਂ ਵੀ ਤਰਸਦੀਆਂ ਸਨ। ਬਿਰਛਾਂ ਤੇ ਬੈਠੇ ਪਰਿੰਦੇ ਵੀ ਕੀਲੇ ਜਾਂਦੇ ਸਨ।

ਰਵਾਇਤੀ ਕੀਰਤਨ ਤੋਂ ਉੱਪਰ ਉੱਠ ਕੇ ਆਪ ਨੇ ਕੀਰਤਨ ਵਿਚ ਗਵੈਸ਼ ਦੀਆਂ ਸਾਰੀਆਂ ਔਖੀਆਂ ਤੇ ਬਿਖੜੀਆਂ ਸ਼ੈਲੀਆਂ ਨੂੰ ਸਰਲ ਤੇ ਸਹਿਜ ਸੁਭਾਵੀ ਰੰਗ ਦਿੱਤਾ। ਆਪ ਨੇ ਜਿੱਥੇ ਪੜਤਾਲਾਂ, ਠੁਮਰੀਆਂ, ਗ਼ਜ਼ਲਾਂ ਤੇ ਕੁਆਲੀਆਂ ਨੂੰ ਆਪਣੇ ਕੀਰਤਨ ਦਾ ਅੰਗ ਬਣਾਇਆ ਉੱਥੇ ਕੇਵਲ ਦੋ ਸੁਰਾਂ ਵਾਲੀਆਂ ਸਿੱਧੀਆਂ ਧਾਰਨਾ ਗਾ ਕੇ ਵੀ ਆਪ ਇਕ ਨਿਵੇਕਲਾ ਰੰਗ ਬੰਨ੍ਹ ਦਿੰਦੇ ਸਨ। ਆਪ ਜੀ ਦੀ ਗਾਇਕੀ ਦੀ ਵਿਸ਼ੇਸ਼ ਮਹਾਨਤਾ ਭਰੀ ਗੱਲ ਇਹ ਹੈ ਕਿ ਗੁਰਬਾਣੀ ਦੇ ਬਹੁ ਅੱਖਰਾਂ ਵਾਲੀਆਂ ਲੰਮੀਆਂ ਤੁਕਾਂ ਵਾਲੇ ਸ਼ਬਦ ਜਾਂ ਫਿਰ ਇਸ ਤੋਂ ਉਲਟ ਬਹੁਤ ਥੋੜ੍ਹੇ ਅੱਖਰਾਂ ਵਾਲੀਆਂ ਛੋਟੀਆਂ ਤੁਕਾਂ ਵਾਲੇ ਭਿੰਨ ਭਿੰਨ ਸ਼ਬਦਾਂ ਦਾ ਵੀ ਆਪ ਵੱਖ ਵੱਖ ਤਾਲਾਂ ਵਿਚ ਅਤੇ ਅਲੱਗ ਅਲੱਗ ਲੈਅ ਵਿਚ ਗਵੈਸ਼ ਕਰਕੇ ਕਮਾਲ ਦਾ ਰੰਗ ਬੰਨ੍ਹਦੇ ਸਨ।

ਪੰਥ ਦੇ ਅਜੋਕੇ ਬਹੁਤੇ ਕੀਰਤਨਕਾਰਾਂ ਵਾਂਗ ਇਨ੍ਹਾਂ ਦਾ ਕੀਰਤਨ ਕੇਵਲ ਸਥਾਈ ਅੰਤਰੇ ਤੀਕ ਹੀ ਸੀਮਤ ਨਹੀਂ ਸੀ, ਸਗੋਂ ਸ਼ਬਦ ਦੇ ਸਥਾਈ ਭਾਵ ਅਨੁਸਾਰ ਰਾਗ ਦੀ ਧੁਰ ਆਤਮਾ ਤੱਕ ਉਤਰ ਜਾਣ ਵਾਲਾ ਕੀਰਤਨ ਸੀ। ਸ਼ਬਦ ਬੇਸ਼ੱਕ ਕਿੰਨਾ ਲੰਮਾ ਹੋਵੇ, ਆਪ ਸ਼ਬਦ ਦੀਆਂ ਟੇਕ ਵਾਲੀਆਂ ਕੇਵਲ ਦੋ ਤੁਕਾਂ ਹੀ ਲੈਂਦੇ ਸਨ। ਕਈ ਵਾਰ ਇਕ ਹੀ ਸ਼ਬਦ ਦੇ ਉਸੇ ਭਾਵ ਦੀ ਉਸਾਰੀ ਲਈ ਵਿਆਪਕ ਗਵੈਸ਼ ਕਰਦੇ ਅਣਗਿਣਤ ਢੁਕਵੇਂ ਪਰਮਾਣ ਦਿੰਦੇ ਅਤੇ ਸਾਖੀ ਪਰਧਾਨ ਵਿਆਖਿਆ ਕਰਦੇ ਸਨ। ਸਮਾਂ ਖੜ੍ਹੋ ਜਾਂਦਾ ਸੀ, ਹਵਾ ਰੁਕ ਜਾਂਦੀ ਸੀ। ਹਜ਼ਾਰਾਂ ਸਰੋਤੇ ਸਰਦੀ ਗਰਮੀ, ਧੁੱੜ-ਧੂੜ, ਭੁੱਖ-ਪਿਆਸ, ਸੁੱਧ-ਬੁੱਧ ਤੋਂ ਮੁਕਤ ਹੋ ਜਾਂਦੇ ਸਨ।

*ਧੰਨਵਾਦ ਸਹਿਤ 'ਭਲੋ ਭਲੋ ਰੇ ਕੀਰਤਨੀਆ' ਵਿਚੋਂ।

** ਪ੍ਰੋਫ਼ੈਸਰ ਅਤੇ ਮੁਖੀ, ਗੁਰਮਤਿ ਸੰਗੀਤ ਚੇਅਰ - ਗੁਰਮਤਿ ਸੰਗੀਤ ਵਿਭਾਗ, ਪੰਜਾਬੀ ਯੂਨੀਵਰਸਿਟੀ, ਪਟਿਆਲਾ।


**Now you can read Amrit Kirtan & Download Kirtan of Dr. Jagir Singh from www.amritkirtan.com**

**Send this information to your friends**

ਗੁਰਸਿੱਖ ਰਿਸ਼ਤਿਆਂ ਲਈ ਸੰਪਰਕ ਕਰੋ

**ਗੁਰਸਿੱਖ ਸੰਜੋਗ** ਪੰਦਰਾ-ਰੋਜ਼ਾ ਪੱਤਰ

ਗੁਰਦੁਆਰਾ ਅਕਾਲੀ ਬਾਬਾ ਫੂਲਾ ਸਿੰਘ ਪੂਸਾ ਰੋਡ, ਨਵੀਂ ਦਿੱਲੀ 110 060 ਫੋਨ : 25862955

# ਗੁਰੂ ਰਾਮਦਾਸ : ਜੀਵਨ, ਸ਼ਖ਼ਸੀਅਤ ਅਤੇ ਸੰਗੀਤਕ ਪਰੰਪਰਾ

ਡਾ. ਜਸਬੀਰ ਕੌਰ

ਗੁਰੂ ਰਾਮਦਾਸ ਜੀ ਦਾ ਜਨਮ ਰਾਵੀ ਦੇ ਕਿਨਾਰੇ ਵਸੇ ਸੁੰਦਰ ਸ਼ਹਿਰ ਲਹੌਰ (ਪਾਕਿਸਤਾਨ) ਦੇ ਸੋਢੀ ਠਾਕੁਰ ਦੇ ਪੁੱਤਰ ਹਰਿਦਾਸ ਦੇ ਘਰ ਮਾਤਾ ਦਇਆ ਕੌਰ ਦੇ ਘਰ ਕਤਕ ਵਦੀ 2, ਸੰਮਤ 1591 ਮੁਤਾਬਕ 24 ਸਤੰਬਰ 1534 ਨੂੰ ਹੋਇਆ। ਮੈਕਾਲਿਫ ਦੇ ਲਿਖਣ ਅਨੁਸਾਰ ਉਹ ਸੁੰਦਰ ਤੇ ਸੁਨੱਖੇ ਸਨ ਤੇ ਹੰਸੂਹੰਸੂ ਕਰਦੇ ਰਹਿੰਦੇ ਸਨ ਪਰ ਬਾਲ ਉਮਰ ਵਿਚ ਹੀ ਸਿਆਣਿਆਂ ਵਾਂਗ ਕਹਿਣੀ ਤੇ ਕਰਨੀ ਦੇ ਮਾਲਕ ਸਨ:

ਬਾਲ ਉਮਰ ਬ੍ਰਿਧਨ ਸੀ ਚਾਲੈ॥ (ਗੁਰੂਪੰਥ ਪ੍ਰਕਾਸ਼, ਪੰਨਾ 481)

ਆਪਣੇ ਮਾਤਾ ਪਿਤਾ ਦੇ ਪਲੇਠਾ ਦਾ ਪੁੱਤਰ ਹੋਣ ਕਰਕੇ ਆਪ ਦਾ ਨਾਂ ਰਾਮਦਾਸ ਦੀ ਥਾਂ ਜੇਠਾ ਹੀ ਪ੍ਰਸਿੱਧ ਹੋ ਗਿਆ।[1] ਚੂਨਾਮੰਡੀ ਦੇ ਸਥਾਨ ਤੇ ਹੀ ਉਹਨਾਂ ਦੇ ਭਰਾ ਅਤੇ ਇਕ ਭੈਣ ਰਾਮਦਾਸੀ ਦਾ ਵੀ ਜਨਮ ਹੋਇਆ। ਇਸ ਤਰ੍ਹਾਂ ਭਾਈ ਜੇਠਾ ਦਾ ਬਚਪਨ ਚੂਨਾ ਮੰਡੀ ਲਾਹੌਰ ਵਿਖੇ ਬੀਤਿਆ। ਇਸ ਗੁਰਦੁਆਰਾ ਸਾਹਿਬ ਦੀ ਇਮਾਰਤ ਮਹਾਰਾਜਾ ਰਣਜੀਤ ਸਿੰਘ ਦੀ ਮਹਾਰਾਣੀ ਦਾਤਾਰ ਕੌਰ ਨੇ ਆਪਣੇ ਪੁੱਤਰ ਸ. ਖੜਕ ਸਿੰਘ ਦੇ ਜਨਮ ਦੀ ਖੁਸ਼ੀ ਵਿਚ ਬਣੁਵਾਈ। ਇਸ ਗੁਰਦੁਆਰਾ ਸਾਹਿਬ ਦੀ ਦਿੱਖ ਹਰਮਿੰਦਰ ਸਾਹਿਬ ਨਾਲ ਕਾਫੀ ਮੇਲ ਖਾਂਦੀ ਹੈ। ਗੁਰੂਰਾਮਦਾਸ ਜੀ ਨੇ ਮੁਢਲੀ ਵਿੱਦਿਆ ਆਪਣੇ ਨਾਨਕੇ ਪਰਿਵਾਰ ਬਾਸਰਕੇ, ਜ਼ਿਲਾ ਅੰਮ੍ਰਿਤਸਰ ਵਿੱਚ ਰਹਿ ਕੇ ਪੂਰੀ ਕੀਤੀ। ਲੰਬਾ ਸਮਾਂ ਗੁਰੂ ਅੰਗਦ ਦੇਵ, ਗੁਰੂ ਅਮਰਦਾਸ ਜੀ ਦੀ ਸੇਵਾ ਵਿਚ ਰਹਿ ਕੇ ਅਧਿਆਤਮਕ ਗੁਣਾਂ ਅਤੇ ਸੰਗੀਤਕ ਸਾਧਨਾਂ ਨਾਲ ਮਾਲੋ ਮਾਲ ਹੋ ਗਏ। ਆਪ ਨਿਤਨੇਮ ਨਾਲ ਗੁਰਬਾਣੀ ਦਾ ਕੀਰਤਨ ਸੁਣਦੇ ਸਨ। ਗੁਰੂ ਅਮਰਦਾਸ ਜੀ ਨੇ ਗੁਰੂ ਰਾਮਦਾਸ ਨੂੰ ਸਭ ਗੁਣਾਂ ਵਿਚ ਯੋਗ ਵੇਖਿਆ ਅਤੇ ਗੁਰੂ ਬਣਨ ਤੋਂ ਬਾਦ 1553 ਵਿਚ ਆਪਣੀ ਸਪੁੱਤਰ ਬੀਬੀ ਭਾਨੀ ਦੀ ਸ਼ਾਦੀ ਉਹਨਾਂ ਨਾਲ ਕਰ ਦਿੱਤੀ। ਆਪ ਜੀ ਦੇ ਘਰ ਤਿੰਨ ਪੁੱਤਰ ਬਾਬਾ ਪ੍ਰਿਥੀ ਚੰਦ, ਬਾਬਾ ਮਹਾਦੇਵ ਅਤੇ (ਗੁਰੂ) ਅਰਜਨ ਦੇਵ ਜੀ ਪੈਦਾ ਹੋਏ ਅਤੇ 1534 ਵਿਚ ਗੁਰੂਅਮਰਦਾਸ ਜੀ ਨੇ ਉਹਨਾਂ ਦੀ ਭਗਤੀ ਅਤੇ ਸੇਵਾ ਨੂੰ ਦੇਖਦੇ ਹੋਏ ਗੁਰੂ ਸਾਹਿਬ ਨੂੰ ਗੁਰਗੱਦੀ ਬਖ਼ਸ਼ੀ। ਗੁਰੂ ਸਾਹਿਬ ਨੇ ਆਪਣੇ ਵਿਆਹ ਦੇ ਮੌਕੇ ਇਹ ਬਾਣੀ ਉਚਾਰੀ:

ਹਰਿ ਪ੍ਰਭਿ ਕਾਜੁ ਰਚਾਇਆ॥ ਗੁਰਮੁਖਿ ਵੀਆਹਣਿ ਆਇਆ॥
ਵੀਆਹਣਿ ਆਇਆ ਗੁਰਮੁਖਿ ਹਰਿ ਪਾਇਆ ਸਾਧਨ ਕੰਤ ਪਿਆਰੀ॥

ਗੁਰੂ ਸਾਹਿਬ ਨੇ ਕਲਯੁਗ ਵਿਚ ਵੀ ਕੀਰਤਨ ਨੂੰ ਸਰਬ ਸ਼੍ਰੇਸ਼ਟ ਕਿਹਾ: ਹਰਿ ਕੀਰਤ ਕਲ ਜੁਗਿ ਪਦੁ ਉਤਮੁ ਹਰਿ ਪਾਈਐ ਸਤਿਗੁਰ ਮਾਝਾ॥ (ਸ੍ਰੀ ਗੁਰੂਗ੍ਰੰਥ ਸਾਹਿਬ, ਪੰਨਾ 69)

ਗੁਰੂ ਰਾਮਦਾਸ ਜੀ ਨੇ ਗੁਰਬਾਣੀ ਕੀਰਤਨ ਦੇ ਪ੍ਰਚਾਰ ਲਈ ਰਾਮਦਾਸ ਜਾਂ ਚੱਕ ਗੁਰੂ ਦੀ ਨੀਂਹ ਰੱਖੀ ਜੋ ਕਿ ਹੁਣ ਅੰਮ੍ਰਿਤਸਰ ਦੇ ਨਾਂ ਨਾਲ ਪ੍ਰਸਿੱਧ ਹੈ। ਭਾਈ ਗੁਰਦਾਸ ਦਾ ਫੁਰਮਾਨ ਹੈ:

ਬੈਠਾ ਸੋਢੀ ਪਾਤਿਸਾਹ ਰਾਮਦਾਸੁ ਸਤਿਗੁਰ ਕਹਾਵੈ। ਪੂਰਨ ਤਾਲ ਖਟਾਇਆ ਅਮ੍ਰਿਤਸਰ ਵਿਚਿ ਜੋਤਿ ਜਗਾਵੈ।

ਅੰਮ੍ਰਿਤਸਰ ਸਰੋਵਰ ਤਿਆਰ ਕਰਵਾਇਆ, ਸਿੱਖੀ ਦੇ ਪ੍ਰਚਾਰ ਲਈ ਮਸੰਦ ਸੰਸਥਾ ਚਲਾਈ। ਗੁਰਬਾਣੀ ਦੀ ਰਚਨਾ ਕੀਤੀ, ਅਨੰਦ ਮਰਯਾਦਾ ਨੂੰ ਪੱਕਾ ਕਰਨ ਲਈ ਸੂਹੀ ਰਾਗ ਵਿਚ ਚਾਰ ਲਾਵਾਂ ਦਾ ਉਚਾਰਨ ਕੀਤਾ। ਸ੍ਰੀ ਗੁਰੂ ਰਾਮਦਾਸ 1581 ਈ. ਵਿਚ ਸ੍ਰੀ ਗੁਰੂਅਰਜਨ ਦੇਵ ਜੀ ਨੂੰ ਗੁਰਗੱਦੀ ਸੌਂਪ ਕੇ ਗੋਇੰਦਵਾਲ ਵਿਖੇ ਜੋਤੀ ਜੋਤ ਸਮਾ ਗਏ।

ਇਸ ਤਰ੍ਹਾਂ ਗੁਰਮਤਿ ਸੰਗੀਤ ਦਾ ਮਹਾਨ ਕੀਰਤਨ ਕੇਂਦਰ ਸ੍ਰੀ ਹਰਿਮੰਦਰ ਸਾਹਿਬ ਦਰਬਾਰ ਸਾਹਿਬ ਦੇ ਨਾਮ ਤੋਂ ਪ੍ਰਸਿੱਧ ਹੈ। ਸਭ ਤੋਂ ਪਹਿਲਾਂ ਆਸਾ ਦੀ ਵਾਰੋ ਦੀ ਕੀਰਤਨ ਚੌਕੀ ਪਰੰਪਰਾ ਗੁਰੂ ਨਾਨਕ ਦੇਵ ਦੇ ਸਮੇਂ ਕਰਤਾਰ ਪੁਰ ਲਹੌਰ (ਪਾਕਿਸਤਾਨ) ਵਿਚ ਗੁਰੂ ਸਾਹਿਬ ਨੇ ਸਥਾਪਤ ਕੀਤੀ, ਮਗਰੋਂ ਆਸਾ ਦੀ ਵਾਰ ਦੀ ਚੌਕੀ, ਬਿਲਾਵਲ ਦੀ ਚੌਕੀ, ਸੋਦਰ ਦੀ ਚੌਕੀ, ਆਰਤੀ ਦੀ ਚੌਕੀ, ਇਹ ਚਾਰ ਚੌਕੀਆ ਗੁਰੂਰਾਮਦਾਸ ਜੀ ਵੇਲੇ ਦਰਬਾਰ ਸਾਹਿਬ ਲਗਦੀਆਂ ਰਹੀਆਂ। ਇਨ੍ਹਾਂ ਚੌਕੀਆਂ ਦੀ ਅੰਤਰਗਤ ਵੱਖ ਵੱਖ ਸਮੇਂ ਉਤੇ ਸਥਾਪਿਤ ਰਾਗਾਂ ਵਿਚ ਤੰਤੀ ਸਾਜਾਂ ਨਾਲ ਕੀਰਤਨ ਵੀ ਹੁੰਦਾ ਸੀ।

ਇਸ ਤਰ੍ਹਾਂ ਗੁਰੂਸਾਹਿਬ ਨੂੰ ਕੀਰਤਨ ਦੀ ਦਾਤ ਅਤੇ ਕੀਰਤਨ ਦੀ ਪਰੰਪਰਾ ਦੇ ਪ੍ਰਚਾਰ ਅਤੇ ਪ੍ਰਸਾਰ ਦੀ ਲਗਨ ਗੁਰੂਨਾਨਕ ਦੇਵ, ਗੁਰੂਅੰਗਦ ਦੇਵ ਅਤੇ ਗੁਰੂਅਮਰਦਾਸ ਜੀ ਦੇ ਦਰਬਾਰਾਂ ਵਿੱਚ ਸਮੇਂ ਸਮੇਂ ਰਹਿ ਕੇ ਪ੍ਰਾਪਤ ਹੋਈ। ਗੁਰੂਸਾਹਿਬ ਨੇ ਗੁਰੂ ਨਾਨਕ ਦੇਵ ਦੀ ਚਲਾਈ ਹੋਈ ਗੁਰਬਾਣੀ ਕੀਰਤਨ ਪਰੰਪਰਾ ਨੂੰ ਕਾਇਮ ਹੀ ਨਹੀਂ ਰੱਖਿਆ ਸਗੋਂ ਕੀਰਤਨ ਦੀਆਂ ਨਵੀਆਂ ਸੰਭਾਵਨਾਵਾਂ ਨੂੰ ਉਜਾਗਰ ਵੀ ਕੀਤਾ। ਗੁਰੂ-ਸਾਹਿਬ ਦੇ ਦਰਬਾਰ ਵਿਚ ਭਾਈ ਸੱਤਾ ਤੇ ਬਲਵੰਡ ਆਸਾ ਦੀ ਵਾਰੋ ਦਾ ਕੀਰਤਨ ਕਰਦੇ ਸਨ। ਆਪ ਨੇ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਤੀਹ ਰਾਗਾਂ ਵਿੱਚ ਬਾਣੀ ਦੀ ਰਚਨਾ ਕੀਤੀ। ਜਿਸ ਵਿੱਚ ਗੁਰੂ

ਨਾਨਕ ਦੇਵ ਜੀ ਦੇ 19 ਰਾਗ, ਗੁਰੂ-ਅੰਗਦ ਦੇਵ ਜੀ ਨੇ ਕੇਵਲ ਸਲੋਕ ਰਚੇ ਹਨ। ਗੁਰੂ-ਅਮਰਦਾਸ ਜੀ ਨੇ ਗੁਰੂ-ਨਾਨਕ ਜੀ ਵਾਲੇ 19 ਰਾਗਾਂ ਵਿਚੋਂ 17 ਰਾਗਾਂ ਵਿਚ ਬਾਣੀ ਰਚੀ ਪਰ ਗੁਰੂ-ਰਾਮਦਾਸ ਜੀ ਨੇ ਪਹਿਲੇ 19 ਰਾਗਾਂ ਵਿਚ ਹੋਰ 11 ਰਾਗਾਂ ਦਾ ਵਾਧਾ ਕੀਤਾ। ਇਹ ਰਾਗ ਦੇਵ ਗੰਧਾਰੀ, ਬਿਹਾਗੜਾ, ਜੈਤਸਰੀ, ਟੋਡੀ, ਬੈਰਾੜੀ, ਗੋਂਡ, ਨਟ ਨਰਾਇਣ, ਮਾਲੀ ਗਾਉੜਾ, ਕੇਦਾਰਾਂ, ਕਾਨੜਾ, ਕਲਿਆਣ ਹਨ। ਆਪ ਨੇ ਰਾਗ ਦੇ ਅਗਾਂ ਬਾਰੇ ਵੀ ਬਾਣੀ ਵਿਚ ਜਾਣਕਾਰੀ ਦਿੱਤੀ ਜਿਵੇਂ ਆਸਾਵਰੀ ਦੇ ਦੋ ਪ੍ਰਕਾਰ ਪ੍ਰਚਲਿਤ ਹਨ। ਇੱਕ ਸ਼ੁੱਧ ਅੰਗ ਦੀ ਆਸਾਵਰੀ ਜਿਸ ਵਿਚ ਧੈਵਤ ਸ਼ੁੱਧ ਲਗਦਾ ਹੈ ਦੂਜਾ ਕੋਮਲ ਅੰਗ ਦੀ ਆਸਾਵਾਰੀ। ਆਪ ਨੇ ਆਸਾਵਰੀ ਰਾਗ ਨਾਲ ਵਿਸ਼ੇਸ਼ ਸਿਰਲੇਖ ਸੁੰਧਗ ਜਿਸ ਦਾ ਭਾਵ ਹੈ ਸ਼ੁੱਧ ਅੰਗ। ਤੀਹ ਰਾਗਾਂ ਵਿਚ ਗੁਰੂ-ਸਾਹਿਬ ਦੀ ਬਾਣੀ ਕਈ ਛੰਦਾਂ ਰੂਪਾਂ ਅਤੇ ਕਈ ਕਾਵਿ ਰੂਪਾਂ ਵਿਚ ਹੈ। ਆਪ ਨੇ 246 ਪਦੇ ਰਚੇ ਹਨ ਜਿਨ੍ਹਾਂ ਵਿਚੋਂ ਦੁਪਦੇ, ਚੌਪਦੇ ਤੇ ਪੰਜਪਦੇ ਵਿਸ਼ੇਸ਼ ਹਨ। ਕਈ ਰੂਪਾਂ ਦੇ 138 ਸਲੋਕ ਰਚੇ, ਹੋਰ ਛੰਦ ਰੂਪਾਂ ਵਿਚ ਛੰਤ 32 ਅਤੇ ਅਸ਼ਟਪਦੀਆਂ ਦੀ ਗਿਣਤੀ 31 ਹੈ।[2]

ਗੁਰੂਸਾਹਿਬ ਦੇ ਰਚੇ ਹੋਏ ਲੋਕ ਕਾਵਿ ਰੂਪ ਪਹਰੇ, ਵਣਜਾਰਾ, ਕਰਹਲੇ, ਘੋੜੀਆਂ ਤੇ ਵਾਰਾਂ ਵਿਚ ਪ੍ਰਭੂ ਮਿਲਾਪ ਦੀ ਸਾਂਝ, ਵਾਰਾਂ ਵਿਚ ਪ੍ਰਭੂਦੀ ਵਡਿਆਈ ਸ਼ਾਮਲ ਹੈ। ਇਸੇ ਤਰ੍ਹਾਂ ਛੰਦ ਆਮ ਤੌਰ ਤੇ ਪ੍ਰਭੂ ਮਿਲਾਪ ਪ੍ਰਗਟ ਕਰਦੇ ਹਨ। ਰਾਗ ਆਸਾ ਦੇ ਛੰਤ ਵਿਚ ਵੈਰਾਗ ਦਾ ਚਿਤਰਨ ਮਿਲਦਾ ਹੈ ਅਤੇ ਸੂਹੀ ਰਾਗ ਵਿਚ ਮਿਲਾਪ ਦਾ ਸੁੰਦਰ ਸਰੂਪ ਨਜ਼ਰ ਆਉਂਦਾ ਹੈ।

ਰਾਗ ਆਸਾ ਦੇ ਛੇ ਛੰਤ ਆਸਾ ਦੀ ਵਾਰ ਨਾਲ ਗਾਇਨ ਕਰਨ ਦੀ ਵਡੇਰੀ ਪਰੰਪਰਾ ਗੁਰੂਸਾਹਿਬ ਨੇ ਸਥਾਪਿਤ ਕੀਤੀ। ਇਹਨਾਂ ਦੇ ਕੁਲ 24 ਅੰਗ ਹੋਣ ਕਾਰਨ ਆਸਾ ਦੀ ਵਾਰ ਦੀਆਂ 24 ਪਉੜੀਆਂ ਨਾਲ ਇਕ ਇਕ ਕਰਕੇ ਆ ਜਾਂਦੇ ਹਨ।[3]

ਇਸ ਤਰ੍ਹਾਂ ਗੁਰੂਰਾਮਦਾਸ ਜੀ ਦੀ ਬਾਣੀ ਸਿਰੀ ਰਾਗ ਵਿਚ 6 ਪਦੇ, 1 ਪਹਰਾ, 1 ਵਣਜਾਰਾ, 1 ਛੰਦ ਅਤੇ 21 ਪਉੜੀਆਂ ਹਨ। ਰਾਗ ਮਾਝ ਵਿੱਚ 7 ਪਦੇ, 1 ਅਸ਼ਟਪਦੀ, 2 ਸਲੋਕ, ਰਾਗ ਗਉੜੀ ਵਿਚ 32 ਪਦੇ, 2 ਕਰਹਲੇ, 53 ਸਲੋਕ, 1 ਵਾਰ, 28 ਪਉੜੀਆਂ ਰਾਗ ਆਸਾ ਵਿਚ 16 ਪਦੇ, 14 ਸਲੋਕ, ਰਾਗ ਗੂਜਰੀ ਵਿਚ 7 ਪਦੇ, 1 ਅਸ਼ਟਪਦੀ ਰਾਗ ਦੇਵਗੰਧਾਰੀ ਵਿਚ 6 ਪਦੇ, ਰਾਗ ਬਿਹਾਗੜਾ ਵਿਚ 2 ਸਲੋਕ 1 ਵਾਰ, 21 ਪਉੜੀਆਂ, ਰਾਗ ਵਡਹੰਸ ਵਿਚ 3 ਪਦੇ, 2 ਘੋੜੀਆਂ, 4 ਛੰਦ, 1 ਵਾਰ, 21 ਪਉੜੀਆਂ, ਰਾਗ ਸੋਰਠਿ 9 ਪਦੇ, 7 ਸਲੋਕ, 1 ਵਾਰ, 29 ਪਉੜੀਆਂ ਰਾਗ ਜੈਤਸਰੀ 11 ਪਦੇ, ਰਾਗ ਧਨਾਸਰੀ, 13 ਪਦੇ, 1 ਛੰਤ, ਰਾਗ ਟੋਡੀ 1 ਪਦਾ, ਰਾਗ ਬੈਰਾੜੀ 6 ਪਦੇ, ਰਾਗ ਤਿਲੰਗ 2 ਪਦੇ, ਰਾਗ ਸੂਹੀ 15 ਪਦੇ, 2 ਅਸ਼ਟਪਦੀਆਂ 2 ਛੰਤ, 2 ਸਲੋਕ, 1 ਵਾਰ, 13 ਪਉੜੀਆਂ, ਰਾਗ ਰਾਮਕਲੀ 6 ਪਦੇ, ਰਾਗ ਨਟਨਰਾਇਣ 9 ਪਦੇ, 6 ਅਸਟਪਦੀਆਂ, ਰਾਗ ਮਾਲੀ ਗਉੜਾ, 1 ਪਦਾ, ਰਾਗ ਮਾਰੂ 8 ਪਦੇ, 6 ਸਲੋਕ, ਰਾਗ ਤੁਖਾਰੀ 4 ਛੰਦ, ਰਾਗ ਕੇਦਾਰਾ 2 ਪਦੇ, ਰਾਗ ਗੋਂਡ 6 ਪਦੇ, ਰਾਗ ਭੈਰਉ 7 ਪਦੇ, ਰਾਗ ਬਸੰਤ 7 ਪਦੇ, 1 ਅਸਟਪਦੀ, ਰਾਗ ਸਾਰੰਗ, 13 ਪਦੇ, 2 ਅਸਟਪਦੀਆਂ, 6 ਸਲੋਕ, 1 ਵਾਰ 35 ਪਉੜੀਆਂ, ਰਾਗ ਮਲਾਰ, 9 ਪਦੇ, ਰਾਗ ਕਾਨੜਾ 12 ਪਦੇ, 6 ਅਸ਼ਟਪਦੀਆਂ 30 ਸਲੋਕ 1 ਵਾਰ 15 ਪਉੜੀਆਂ, ਰਾਗ ਕਲਿਆਣ 7 ਪਦੇ, 6 ਅਸ਼ਟਪਦੀਆਂ ਤੇ ਰਾਗ ਪ੍ਰਭਾਤੀ ਵਿਚ 7 ਪਦੇ ਗੁਰੂਗ੍ਰੰਥ ਸਾਹਿਬ ਵਿਚ ਦਰਜ ਹਨ। ਜਿੱਥੋਂ ਗੁਰੂ ਸਾਹਿਬ ਦੀ ਭਾਰਤੀ ਸੰਗੀਤਕ ਪਰੰਪਰਾ ਅਤੇ ਕੀਰਤਨ ਪਰੰਪਰਾ ਦੀ ਡੂੰਘੀ ਜਾਣਕਾਰੀ ਦਾ ਪਤਾ ਲਗਦਾ ਹੈ।

ਗੁਰੂ ਰਾਮਦਾਸ ਜੀ ਨੇ ਗੁਰਬਾਣੀ ਵਿੱਚ ਰਾਗ ਸਿਧਾਂਤ ਦੀ ਗੱਲ ਨੂੰ ਵਧੇਰੇ ਸਪੱਸ਼ਟ ਕਰਦਿਆਂ ਰਾਗ ਸੋਰਠ ਦੀ ਮਿਸਾਲ ਲੈ ਕੇ ਕਿਹਾ ਕਿ ਸੋਰਠਿ ਦੀ ਰਾਗਣੀ ਤਾਂਹੀ ਸੁਹਾਵਣੀ ਹੋ ਸਕਦੀ ਹੈ ਜੇ ਉਸ ਦੇ ਗਾਇਨ ਰਾਹੀਂ ਸਰੋਤਾ ਹਰੀਨਾਮ ਦੀ ਢੂੰਡ ਲਈ ਪ੍ਰੇਰਤ ਹੋ ਜਾਏ ਅਤੇ ਉਸ ਦੀ ਸਿਫ਼ਤ ਸਲਾਹ ਵਿਚ ਜੁੜ ਜਾਏ:

ਸੋਰਠਿ ਤਾਮਿ ਸੁਹਾਵਣੀ ਜਾ ਹਰਿਨਾਮ ਢੰਢੋਲੇ ॥ ਗੁਰ ਪੁਰਖੁ ਮਨਾਵੈ ਆਪਣਾ ਗੁਰਮਤੀ ਹਰਿ ਹਰਿ ਬੋਲੇ॥

(ਗੁਰੂ ਗ੍ਰੰਥ ਪੰਨਾ 682)

ਇਸ ਤਰ੍ਹਾਂ ਹੀ ਰਾਗ ਬਿਲਾਵਲ ਦੀ ਉਦਾਹਰਣ ਦੇ ਕੇ ਦਸਿਆ ਕੀ ਇਹ ਰਾਗ ਖੁਸ਼ੀ ਦਾ ਰਾਗ ਤਾਂ ਹੀ ਹੋ ਸਕਦਾ ਹੈ ਕਿ ਇਸ ਵਿਚ ਖੁਸ਼ੀ ਦੇ ਗੀਤ/ਸ਼ਬਦ ਗਾਏ ਜਾਣ ਅਤੇ ਪ੍ਰਮਾਤਮਾ ਦੇ ਉਪਦੇਸ਼ ਨੂੰ ਸਤਿ ਕਰ ਮੰਨਿਆ ਜਾਵੇ:

ਹਰਿ ਉਤਮ ਹਰਿ ਪ੍ਰਭ ਗਾਵਿਆ, ਕਰਿ ਨਾਦੁ ਬਿਲਾਵਲੁ ਰਾਗ। (ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ 849)

ਗੁਰੂ ਰਾਮਦਾਸ ਜੀ ਰਾਗ ਅਤੇ ਨਾਦ ਬਾਰੇ ਬਾਣੀ ਵਿੱਚ ਸਪੱਸ਼ਟ ਕਰਦੇ ਹਨ ਕਿ ਬਾਣੀ ਅਨੁਸਾਰ ਉਹ ਹੀ ਰਾਗ ਉਤਮ ਹੈ ਜਿਸ ਵਿਚ ਗਾਇਨ ਕੀਤੀ ਬਾਣੀ ਨਾਲ ਪ੍ਰਭੂਮਿਲਾਪ ਹੋ ਜਾਵੇ:

ਸਭਨਾਂ ਰਾਗਾਂ ਵਿਚ ਸੋ ਭਲਾ ਭਾਈ ਜਿਤੁ ਵਸਿਆ ਮਨਿ ਆਇ॥
ਰਾਗ ਨਾਦੁ ਸਭੁ ਸਚੁ ਹੈ ਕੀਮਤਿ ਕਹੀ ਨ ਜਾਇ॥ (ਸ੍ਰੀ ਗੁਰੂਗ੍ਰੰਥ ਸਾਹਿਬ, ਪੰਨਾ 1423)

ਇਸ ਦੇ ਨਾਲ ਹੀ ਧੰਨ ਗੁਰੂ ਰਾਮਦਾਸ ਉਹਨਾਂ ਗੁਰਸਿੱਖਾਂ ਕੀਰਤਨੀਆਂ ਤੋਂ ਬਲਿਹਾਰੇ ਜਾਂਦੇ ਹਨ ਜੋ ਹਰੀ ਦਾ ਨਾਮ ਜਪਦੇ ਹਨ ਅਤੇ ਕੀਰਤਨ ਰਾਹੀਂ ਉਹਦੇ ਗੁਣ ਗਾਇਨ ਕਰਦੇ ਹਨ। ਚੌਥੇ ਪਾਤਸ਼ਾਹ ਉਹਨਾਂ ਤੋਂ ਆਪ ਕੀਤਰਨ ਸੁਣਦਿਆਂ ਗੁਰੂ ਸਾਹਿਬ ਦੀ ਸਿਫਤ ਸਲਾਹ ਵਿਚ ਜੁੜਦੇ ਹਨ:

ਹਉ ਬਲਿਹਾਰੀ ਤਿਨ ਕਉ ਜੋ ਗੁਰਮੁਖ ਸਿਖਾ, ਸੁਣ ਕੀਰਤਨ ਹਰਿ ਗੁਣ ਰਵਾ ਹਰਿ ਜਸੁ ਮਨਿ ਲਿਖਾ॥

(ਗੁਰੂ ਗ੍ਰੰਥ ਸਾਹਿਬ, ਪੰਨਾ 630)

ਗੁਰੂਰਾਮਦਾਸ ਸਾਹਿਬ ਪ੍ਰੇਮ ਰਹਿਤ ਰਾਗ ਨਾਦ ਨੂੰ ਫਜ਼ੂਲ ਦਸਦੇ ਹਨ:

ਕੋਈ ਗਾਵੈ ਰਾਗੀ ਨਾਦੀ ਬੇਦੀ ਬਹੁਤ ਭਾਤਿ ਕਰਿ ਨਹੀ ਹਰਿ ਹਰਿ ਭੀਜੈ ਰਾਮ ਰਾਜੈ।

ਜਿਨਾਂ ਅੰਤਰ ਕਪਟੁ ਵਿਕਾਰ ਹੈ ਤਿਨਾ ਕੋਇ ਕਿਆ ਕੀਜੈ॥ (ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ 450)

ਕਲਜੁਗ ਵਿਚ ਕੀਰਤਨ ਦੀ ਪ੍ਰਧਾਨਤਾ ਦੀ ਗੱਲ ਕਰਦਿਆਂ ਗੁਰੂਰਾਮਦਾਸ ਸਾਹਿਬ ਫਰਮਾਉਂਦੇ ਹਨ:

ਹਰਿ ਕੀਰਤਿ ਉਤਮੁ ਨਾਮ ਹੈ ਵਿਚਿ ਕਲਜੁਗ ਕਰਣੀ ਸਾਰ॥

ਮਤਿ ਗੁਰਮਤਿ ਕੀਰਤਿ ਪਾਈਐ ਹਰਿ ਨਾਮਾ ਹਰਿ ਉਰਧਾਰ॥ (ਸ੍ਰੀ ਗੁਰੂਗ੍ਰੰਥ ਸਾਹਿਬ, ਪੰਨਾ 314)

ਤੇ ਹਰੀ ਕੀਰਤਨ ਦੀ ਪ੍ਰਾਪਤੀ ਨੂੰ ਗੁਰੂਸਾਹਿਬ ਨੇ ਕਲਜੁਗ ਦੀ ਉਤਮ ਪਦਵੀ ਕਿਹਾ ਹੈ:

ਹਰਿ ਕੀਰਤਿ ਕਲਜੁਗਿ ਪਦੁ ਉਤਮੁ ਹਰਿ ਪਾਈਐ ਸਤਿਗੁਰ ਮਾਝਾ॥ (ਸ੍ਰੀ ਗੁਰੂਗ੍ਰੰਥ ਸਾਹਿਬ, ਪੰਨਾ 680)

ਤੇ ਜੋ ਵਿਅਕਤੀ ਗੁਰੂਸਾਹਿਬ ਦੀ ਬਾਣੀ ਦਾ ਕੀਰਤਨ ਕਰੇਗਾ, ਗੁਰੂ ਸਾਹਿਬ ਕਹਿੰਦੇ ਹਨ ਕਿ ਉਸ ਦੀਆਂ ਚਾਰੇ ਕੁਲਾਂ ਤਰ ਜਾਣਗੀਆਂ:

ਜੋ ਕੋ ਆਪਨੇ ਠਾਕੁਰ ਭਾਵੇ। ਕੋਟਿ ਮਧਿ ਏਹੁ ਕੀਰਤਨ ਗਾਵੈ॥ (ਸ੍ਰੀ ਗੁਰੂਗ੍ਰੰਥ ਸਾਹਿਬ, ਪੰਨਾ 196)

ਤੇ ਇਸ ਤਰ੍ਹਾਂ ਗੁਰੂਰਾਮਦਾਸ ਗੁਰਬਾਣੀ ਕੀਰਤਨ ਬਾਰੇ ਲਿਖਦੇ ਹਨ ਕਿ ਸਭ ਵਰਨਾਂ ਦੇ ਲੋਕ ਕੀਰਤਨ ਕਰਦਿਆਂ ਸੁਣਦਿਆਂ ਇਸ ਭਵ ਸਾਗਰ ਤੋਂ ਪਾਰ ਹੋ ਸਕਦੇ ਹਨ:

ਮਨ ਹਰਿ ਕੀਰਤਿ ਕਰਿ ਸਦਹੂ॥ ਗਾਵਤ ਸੁਨਤ ਜਪਤ ਉਧਾਰੈ ਬਰਨ ਅਬਰਨਾ ਸਬਹੂ॥ (ਸ੍ਰੀ ਗੁਰੂਗ੍ਰੰਥ ਸਾਹਿਬ, ਪੰਨਾ 529)

ਤੇ ਇਹੋ ਜਿਹਾ ਕੀਰਤਨ ਉਹ ਹੀ ਕਰ ਸਕਦਾ ਹੈ ਜਿਸ ਦੇ ਅੰਦਰ ਪਰੰਪਰਾ ਨਿਰਧਾਰਿਤ ਹੋਵੇ। ਪਿਆਰ ਨਾਲ ਤੇ ਨਿਰਧਾਰਤ ਕੀਤਾ ਪਰੰਪਰਾ ਅਨੁਸਾਰ ਕੀਰਤਨ, ਵਿਚ ਆਤਮਾ ਦਾ ਸੁਖ ਪ੍ਰਾਪਤ ਹੁੰਦਾ ਹੈ:

ਜਿਸ ਅਦਰ ਰੰਗ ਸੋਈ ਗੁਣ ਗਾਵੈ॥ ਗੁਰ ਕੈ ਸਬਦ ਸਹਜ ਸੁਖ ਪਾਵੈ॥ (ਸ੍ਰੀ ਗੁਰੂਗ੍ਰੰਥ ਸਾਹਿਬ, ਪੰਨਾ 114)

ਗੁਰੂਸਾਹਿਬ ਨੇ ਕੇਵਲ ਰਾਗ ਤੇ ਨਾਦ ਨੂੰ ਹੀ ਪ੍ਰਮਾਤਮਾ ਦੀ ਪ੍ਰਾਪਤੀ ਦਾ ਸਾਧਨ ਮੰਨਣ ਵਾਲਿਆਂ ਨੂੰ ਇਹ ਦੱਸ ਦਿੱਤਾ ਕਿ ਰੱਬ ਦੀ ਰਜਾ ਵਿਚ ਰਹਿਣਾ ਤੇ ਹੁਕਮ ਮੰਨਣ ਨਾਲ ਇਕ ਖਾਸ ਸ਼ਕਤੀ ਹਾਸਲ ਹੁੰਦੀ ਹੈ:

ਰਾਗੈ ਨਾਦੇ ਬਾਹਰਾ ਇਨੀ ਹੁਕਮੁ ਨ ਬੂਝਿਆ ਜਾਇ॥ (ਸ੍ਰੀ ਗੁਰੂਗ੍ਰੰਥ ਸਾਹਿਬ, ਪੰਨਾ 1423)

ਗੁਰੂਰਾਮਦਾਸ ਪਾਤਸ਼ਾਹ ਆਪ ਵੀ ਰਾਗ ਅਤੇ ਕੀਰਤਨ ਦੇ ਧਨੀ ਸਨ ਉਹਨਾਂ ਨੇ ਆਪਣੇ ਆਪ ਨੂੰ ਰੱਬ ਦੇ ਢਾਡੀ ਮੰਨਦਿਆਂ ਰੋਜ਼ਾਨਾ ਉਸ ਦੇ ਗੁਣਾਂ ਦੇ ਛੰਦ ਸੁਣਦੇ ਤੇ ਗਾਇਨ ਕਰਦੇ ਜਿਸ ਦਾ ਹਵਾਲਾ ਬਾਣੀ ਵਿਚੋਂ ਮਿਲਦਾ ਹੈ:

ਹਮ ਢਾਡੀ ਹਰਿ ਪ੍ਰਭ ਖਸਮ ਕੈ ਨਿਤ ਗਾਵਹਿ ਹਰਿ ਗੁਣ ਛੰਤਾ॥

ਹਰਿ ਕੀਰਤਨੁ ਕਰਹ ਹਰਿ ਜਸੁ ਸੁਣਹ ਤਿਸੁ ਕਵਲਾ ਕੰਤਾ॥ (ਸ੍ਰੀ ਗੁਰੂਗ੍ਰੰਥ ਸਾਹਿਬ, ਪੰਨਾ 650)

ਇਸ ਤਰ੍ਹਾਂ ਗੁਰੂਰਾਮਦਾਸ ਸਾਹਿਬ ਨੇ ਅਜਿਹਾ ਰਾਗ ਰਸ ਪੂਰਨ ਬਾਣੀ ਵਿਚ ਜਿੱਥੇ ਵਡੇ ਦੀ ਵਡਿਆਈ ਤੇ ਕੀਰਤਨ ਗਾਇਨ ਕੀਤੀ ਜਿਵੇਂ:

ਹਰਿ ਕੀ ਵਡਿਆਈ ਵਡੀ ਹੈ ਹਰਿ ਕੀਰਤਨੁ ਹਰਿਕਾ (ਸ੍ਰੀ ਗੁਰੂਗ੍ਰੰਥ ਸਾਹਿਬ, ਪੰਨਾ 84)

ਉਥੇ ਉਸ ਦੀ ਕੀਰਤਨ ਗਾਇਨ ਕਰਨ ਵਾਲੇ ਉਸ ਦੀ ਵਡਿਆਈ ਦਾ ਕੀਰਤਨ ਕਰਨ ਵਾਲੇ ਭਗਤਾਂ ਨੂੰ ਵਡਿਆਇਆ ਹੈ ਬਾਣੀ ਵਿਚ ਦਰਜ ਹੈ:

ਹਰਿ ਭਗਤਾਂ ਹਰਿ ਆਰਾਧਿਆ ਹਰਿ ਕੀ ਵਡਿਆਈ॥

ਹਰਿ ਕੀਰਤਨੁ ਭਗਤਿ ਨਿਤ ਗਾਵਦੇ ਹਰਿ ਨਾਮੁ ਸੁਖਦਾਈ॥ (ਸ੍ਰੀ ਗੁਰੂਗ੍ਰੰਥ ਸਾਹਿਬ, ਪੰਨਾ 316)

ਗੁਰੂ ਸਾਹਿਬ ਨੇ ਕੀਰਤਨ ਦੇ ਗੁਣ ਬਿਆਨ ਕਰਦਿਆਂ ਬਾਣੀ ਵਿਚ ਦਰਜ ਕੀਤਾ ਕਿ ਬਾਣੀ ਦਾ ਕੀਰਤਨ ਸੁਣਨ ਅਤੇ ਕਰਨ ਨਾਲ ਗੁਣਵਾਨ ਤੇ ਭਗਵਾਨ ਬਣ ਜਾਈਦਾ ਹੈ:

ਧੰਨ ਧੰਨ ਭਾਗ ਤਿਨਾ ਭਗਤ ਜਨਾ ਜੋ ਹਰਿਨਾਮਾ ਹਰਿ ਮੁਖਿ ਕਹਤਿਆ

ਧੰਨੁ ਧਨੁ ਭਾਗ ਤਿਨਾ ਸਾਧ ਜਨਾ ਹਰਿ ਕੀਰਤਨੁ ਗਾਇ ਗੁਣੀ ਜਨ ਬਣਤਿਆ॥ (ਸ੍ਰੀ ਗੁਰੂਗ੍ਰੰਥ ਸਾਹਿਬ, ਪੰਨਾ 649)

ਸ੍ਰੀ ਅਸਟ ਗੁਰੂਚਮਤਕਾਰ ਅਨੁਸਾਰ ਸ੍ਰੀ ਗੁਰੂ ਰਾਮਦਾਸ ਜੀ ਦੀ ਬਾਣੀ ਵਿਚ ਇਤਿਹਾਸਕ ਸ਼ਬਕ ਵੀ ਸ਼ਾਮਲ ਹੋਏ ਮਿਲਦੇ ਹਨ ਜਿਸ ਵਿਚ ਗੁਰੂਸਾਹਿਬ ਨੇ ਸਿੱਖ ਕੀਰਤਨ ਦਾ ਆਸ ਤੇ ਆਦਰਸ਼ ਵੀ ਬੜੇ ਸਪੱਸ਼ਟ ਸ਼ਬਦਾਂ ਵਿਚ ਪ੍ਰਗਟ ਕਰ ਦਿੱਤਾ ਹੈ। ਹਰ ਮਤ ਹਰਕੇ ਕੀਰਤਨੀਆਂ ਲਈ ਕੀਰਤਨ ਦਾ ਮੁੱਖ ਮੰਤਵ ਤੇ ਆਦਰਸ਼ ਕੀ ਹੈ ਸ਼ਬਦ ਵਿਚ ਬਿਆਨਿਆ ਹੈ। ਗੁਰੂ ਸਾਹਿਬ ਦੇ ਦਰਬਾਰ ਵਿਚ ਜਦੋਂ ਕੀਰਤਨ ਹੋ ਰਿਹਾ ਸੀ ਤਾਂ ਇਕ ਜੋਗੀ ਕਿੰਗ ਸਾਜ਼ ਲੈ ਕੇ ਉਥੇ ਪਹੁੰਚਿਆ ਤੇ ਗੋਰਖ ਨਾਥ ਤੇ ਭਰਥਰੀ ਆਦਿ ਦੀ ਉਸਤ ਵਿਚ ਗੀਤ ਪ੍ਰਸੰਗ ਗਾਏ। ਗੁਰੂ ਸਾਹਿਬ ਨੇ ਗੁਣ ਕੇ ਉਪਦੇਸ਼ ਦਿੱਤਾ ਕਿ ਤੁਹਾਡੇ ਵਲੋਂ ਗਾਏ ਗੀਤ ਪਰਮਾਰਥ ਦੇ ਗੀਤ ਨਹੀਂ ਹਨ ਅਤੇ ਤੁਹਾਡਾ ਗਾਉਣਾ ਭਿਖਸ਼ਾ ਦੀ ਪ੍ਰਾਪਤੀ ਹੈ। ਇਸ ਲਈ ਅਸਲ ਕੀਰਤਨ ਕਰਨ ਤੇ ਸੁਣਨ ਲਈ ਜੋਗੀ ਨੂੰ ਉਪਦੇਸ਼ ਦਿੱਤਾ:

ਹਥਿ ਕਰਿ ਤੰਤੁ ਵਜਾਵੈ ਜੋਗੀ, ਥੋਥਰ ਬਾਜੇ ਬੇਨ

ਗੁਰਮਤਿ ਹਰਿ ਗੁਣ ਬੋਲਹੁ ਜੋਗੀ, ਇਹ ਮਨੂਆ ਹਰਿ ਰੰਗ ਭੇਨ॥ (ਸ੍ਰੀ ਗੁਰੂਗ੍ਰੰਥ ਸਾਹਿਬ, ਪੰਨਾ 368)

ਸ੍ਰੀ ਗੁਰੂਗ੍ਰੰਥ ਸਾਹਿਬ ਵਿੱਚ ਗੁਰੂਰਾਮਦਾਸ ਜੀ ਨੇ ਬਾਣੀ ਵਿਚ ਵਾਰ ਗਾਇਨ ਸ਼ੈਲੀ ਨੂੰ ਲੋਕ ਕਾਵਿ ਰੂਪ ਵਿਚ ਪੇਸ਼ ਕੀਤਾ, ਵਾਰ ਵਿਚ ਜੋਧਿਆਂ ਦੇ ਜੂਝਣ ਤੇ ਜੰਗ ਦਾ ਬੀਰ ਰਸੀ ਬਿਆਨ ਹੁੰਦਾ ਸੀ ਪਰ ਗੁਰੂਸਾਹਿਬ ਨੇ ਇਸ ਨੂੰ ਅਧਿਆਤਮਤਾ ਨਾਲ ਜੋੜ ਕੇ ਅੱਠ ਵਾਰਾਂ ਦੀ ਰਚਨਾ ਕੀਤੀ ਜਿਸ ਵਿਚ ਗਉੜੀ ਰਾਗ ਕੀ ਵਾਰ, ਵਡਹੰਸ ਕੀ ਵਾਰ, ਬਿਲਾਵਲ ਕੀ ਵਾਰ, ਬਿਹਾਗੜੇ ਕੀ ਵਾਰ, ਸੋਰਠ ਕੀ ਵਾਰ, ਸਾਰੰਗ ਕੀ ਵਾਰ, ਕਾਨੜੇ ਕੀ ਵਾਰ ਦਰਜ ਹਨ।

ਉਪਰੋਕਤ ਅਨੁਸਾਰ ਗੁਰੂਰਾਮਦਾਸ ਦੇ ਦਰਬਾਰ ਦੀ ਨਿੱਤ ਦੀ ਕੀਰਤਨ ਮਰਯਾਦਾ ਦਾ ਵਰਨਣ ਗਿਆਨ ਗਿਆਨ ਸਿੰਘ ਜੀ ਨੇ ਤਵਾਰੀਖ ਗੁਰੂਖਾਲਸਾ ਵਿਚ ਕੀਤਾ ਹੈ ਕਿ ਗੁਰੂਸਾਹਿਬ ਦੇ ਦਰਬਾਰ ਵਿਚ ਭਾਈ ਸੱਤਾ ਤੇ ਬਲਵੰਡ ਗੁਰੂ ਦੇ ਦਰਬਾਰੀ ਕੀਰਤਨੀਏ ਸਨ ਜੋ ਰੋਜ ਸਵੇਰੇ ਦਰਬਾਰ ਵਿਚ ਆਸਾ ਦੀ ਵਾਰ ਦਾ ਕੀਰਤਨ ਕਰਦੇ ਸਨ ਫਿਰ ਸ਼ਾਮ ਨੂੰ ਸੋਦਰ ਦਾ ਪਾਠ, ਕੀਰਤਨ ਅਤੇ ਕਥਾ ਵੀਚਾਰ ਹੁੰਦੀ ਸੀ ਆਸਾ ਦੀ ਵਾਰ ਸ਼ੁਰੂ ਕਰਨ ਤੋਂ ਪਹਿਲਾਂ ਤਬਲੇ ਅਤੇ ਹੋਰ ਸਾਜਾਂ ਤੇ ਸੋਲੋ ਵਜਾਉਂਦੇ ਸਨ ਅਤੇ ਕੀਰਤਨ ਦਾ ਮਹੌਲ ਸਿਰਜਦੇ ਸਨ। (ਤਵਾਰੀਖ ਗੁਰੂ ਖਾਲਸਾ ਪੰਨਾ 340)

ਗੁਰਪ੍ਰਤਾਪ ਸੂਰਜ ਗ੍ਰੰਥ ਵਿਚ ਇਸ ਦਾ ਪਰਮਾਣ ਮਿਲਦਾ ਹੈ:-

ਕਿਰਤਿਨ ਰਾਇ ਰਬਾਬੀ ਆਗੈ। ਧੁਨਿ ਰਬਾਬ ਕੀ ਬਾਜਨ ਲਾਗੈ। (ਗੁਰਪ੍ਰਤਾਪ ਸੂਰਜ ਗ੍ਰੰਥ ਪੰਨਾ 1698)

ਗੁਰੂਰਾਮਦਾਸ ਕੇਵਲ ਕੀਰਤਨ ਸੁਣਦੇ ਹੀ ਨਹੀਂ ਸਨ ਸਗੋਂ ਗੁਰਬਾਣੀ ਦੇ ਹਵਾਲਿਆਂ ਤੋਂ ਪਤਾ ਚਲਦਾ ਹੈ ਕਿ ਆਪ ਵੀ ਕੀਰਤਨ ਗਾਇਨ ਕਰਦੇ ਸਨ:-

ਹਉ ਅਨਦਿਨੁ ਹਰਿ ਨਾਮੁ ਕੀਰਤਨ ਕਰਉ<br>
ਸਤਿਗੁਰਿ ਮੋ ਕਉ ਹਰਿ ਨਾਮੁ ਬਤਾਇਆ<br>
ਹਉ ਹਰਿ ਬਿਨੁ ਖਿਨੁ ਪਲੁ ਰਹਿ ਨ ਸਕਉ (ਗੁਰੂਗ੍ਰੰਥ ਸਾਹਿਬ ਪੰਨਾ 369)

ਇਸ ਤਰ੍ਹਾਂ ਤੰਤੀ ਸਾਜ਼ ਵਜਾਉਣ ਜਾਂ ਸੰਗਤ ਕਰਨ ਵਾਲੇ ਕੀਰਤਰਨੀਆਂ ਬਾਰੇ ਗੁਰੂ ਸਾਹਿਬ ਬਾਣੀ ਵਿਚ ਫਰਮਾਉਂਦੇ ਹਨ:-

ਕਬ ਕੋ ਭਾਲੈ ਘੁੰਘਰੂ ਤਾਲਾ ਕਬ ਕੋ ਬਜਾਵੈ ਰਬਾਬੁ<br>
ਆਵਤ ਜਾਤ ਬਾਰ ਖਿਨੁ ਲਾਗੈ ਹਉ ਤਬ ਲਗੁ ਸਮਰਾਉ ਨਾਮੁ।।<br>
ਕਬ ਕੋਉ ਮੇਲੇ ਪੰਚ ਸਤ ਗਾਇਨ।<br>
ਕਬ ਕੋ ਰਾਗ ਧੁਨਿ ਉਠਾਵੈ।। (ਗੁਰੂ ਗ੍ਰੰਥ ਸਾਹਿਬ ਪੰਨਾ 368)

ਪੰਜ ਸੱਤ ਗਾਇਨ ਤੋਂ ਭਾਵ ਪੰਜ ਸੁਧ ਅਤੇ ਸਤ ਵਿਕਰਤ ਸਵਰ ਤੋਂ ਹੈ, ਇਸ ਤੋਂ ਪਤਾ ਚੱਲਦਾ ਹੈ ਕਿ ਗੁਰੂ ਸਾਹਿਬ ਨੂੰ ਭਾਰਤੀ ਸਾਸਤਰੀ ਸੰਗੀਤ ਦੇ ਰਾਗਾਂ, ਤਾਲਾਂ ਸਾਜਾਂ ਅਤੇ ਸੁਰਾਂ ਦੀ ਬਹੁਤ ਸੂਝ ਸੀ ਅਤੇ ਉਹ ਉਚ ਕੋਟੀ ਦੇ ਸੰਗੀਤਾਰ ਸਨ। ਗੁਰੂਸਾਹਿਬ ਨੇ ਨਵੇਂ ਰਾਗ ਅਤੇ ਗਾਇਨ ਸ਼ੈਲੀਆਂ ਨੂੰ ਆਪਣੀ ਬਾਣੀ ਵਿਚ ਵਰਤ ਕੇ ਗੁਰਮਤਿ ਸੰਗੀਤ ਦਾ ਅਤੇ ਭਗਤੀ ਸੰਗੀਤ ਦਾ ਖੂਬ ਪ੍ਰਚਾਰ ਕੀਤਾ ਗੁਰੂਰਾਮਦਾਸ ਵਲੋਂ ਰਚਿਤ ਬਾਣੀ ਵਿਚ ਬਹੁਤ ਸਾਰੇ ਸਾਜਾਂ ਦਾ ਜਿਕਰ ਮਿਲਦਾ ਹੈ, ਜਿਨ੍ਹਾਂ ਦੀ ਪ੍ਰਚਾਰ ਅਤੇ ਪਾਸਾਰ ਉਸ ਵਕਤ ਗੁਰੂਘਰ ਦੇ ਕੀਰਤਨੀਆਂ ਵਲੋਂ ਹੁੰਦਾ ਰਿਹਾ ਜਿਸ ਤੋਂ ਗੁਰੂਸਾਹਿਬ ਦੀ ਸੰਗੀਤਕ ਸੂਝ ਬਾਰੇ ਪ੍ਰਮਾਣ ਮਿਲਦੇ ਹਨ।

ਤੇਰੋ ਜਨੁ ਨਿਰਤਿ ਕਰੇ ਗੁਣ ਗਾਵੈ।<br>
ਰਬਾਬ ਪਖਾਵਜ ਤਾਲ ਘੁੰਘਰੁ ਅਨਹਦ ਸਬਦ ਬਜਾਵੇ।।(ਗੁਰੂਗ੍ਰੰਥ ਸਾਹਿਬ ਪੰਨਾ 381)<br>
ਕਰ ਕਰਿਤਾਲ ਪਖਾਵਜ ਨੈਨਹੁ ਮਾਥੇ ਵਜੈ ਰਬਾਬਾ<br>
ਕਰਨਹੁ ਮਧੁਰ ਬਾਸੁਰੀ ਬਾਜੈ ਜਿਹਵਾ ਧੁਨ ਅਗਾਜਾ। (ਗੁਰੂਗ੍ਰੰਥ ਸਾਹਿਬ ਪੰਨਾ 884)

ਭਾਈ ਪਾਧਾ ਤੇ ਭਾਈ ਬੂਲਾਂ ਗੁਰੂਰਾਮਦਾਸ ਜੀ ਦੇ ਦਰਬਾਰੀ ਕੀਰਤਨੀਏ ਸਨ ਜਿਨ੍ਹਾਂ ਨੂੰ ਗੁਰੂ ਸਾਹਿਬ ਜੀ ਨੇ ਆਹੰਕਾਰ ਤਿਆਗਣ, ਗੁਰਸਿੱਖ ਦੀ ਸੇਵਾ ਕਰਨ, ਕਥਾ ਕੀਰਤਨ ਕਰਨ ਤੇ ਸੁਣਨ ਤੇ ਨਿਤਨੇਮ ਕਰਨ ਲਈ ਉਪਦੇਸ਼ ਦਿੱਤਾ, ਗੁਰੂਫਰਮਾਨ ਹੈ:-

ਪਾਧਾ ਬੂਲਾ ਜਾਣੀਐ ਗੁਰਬਾਣੀ ਗਾਇਨ ਲੇਖਾਰੀ। (ਵਾਰ ਭਾਈ ਗੁਰਦਾਸ ਵਾਰ 11, ਪਾਉੜੀ 16)

ਉਪਰੋਕਤ ਤੋਂ ਇਲਾਵਾ ਭਾਈ ਸੱਤਾ ਤੇ ਬਲਵੰਡ ਵੀ ਸਵੇਰੇ ਸ਼ਾਮ ਗੁਰੂਦਰਬਾਰ ਵਿਚ ਕੀਰਤਨ ਕਰਦੇ ਸਨ।

ਇਸ ਤਰ੍ਹਾਂ ਗੁਰੂ ਰਾਮਦਾਸ ਜੀ ਨੇ ਗੁਰਮਤਿ ਸੰਗੀਤ ਦੇ ਪ੍ਰਚਾਰ ਅਤੇ ਪਾਸਾਰ ਲਈ ਬਾਣੀ ਵਿੱਚ ਵੱਖ ਵੱਖ ਗਾਇਨ ਸ਼ੈਲੀਆਂ ਦਾ ਵੀ ਪ੍ਰਯੋਗ ਕੀਤਾ। ਇਨ੍ਹਾਂ ਦਾ ਜ਼ਿਕਰ ਵੀ ਏਥੇ ਬਣਦਾ ਹੈ:

ਲੋਕ ਗਾਇਨ ਸ਼ੈਲੀਆਂ

ਕਰਹਲੇ ਗਾਇਨ ਰੂਪ:

'ਕਰਹਲੇ' ਦਾ ਮੂਲ ਸ੍ਰੋਤ ਸੰਸਕ੍ਰਿਤ ਹੈ। ਸੰਸਕ੍ਰਿਤ ਵਿਚ 'ਕਰਭ' ਅਤੇ 'ਕ੍ਰਮੇਲ' ਦੋ ਸ਼ਬਦ ਹਨ। ਡਿੰਗਲ ਭਾਸ਼ਾ ਵਿਚ

ਕਰਭ ਕਰਹੈ ਦਾ ਸਮਾਨਾਰਥੀ ਹੈ।[4] ਪ੍ਰੋ. ਸੁਰਿੰਦਰ ਸਿੰਘ ਕੋਹਲੀ ਦਾ ਵਿਚਾਰ ਹੈ ਕਿ ਡਿੰਗਲ ਭਾਸ਼ਾ ਵਿੱਚ ਕਰਹਲੇ ਸ਼ਬਦ ਦਾ ਅਰਥ ਹੈ 'ਊਠੋ ਜੋ ਸਦਾ ਮਾਰੂਥਲਾਂ ਵਿਚ ਵਿਚਰਦਾ ਹੈ।[5] ਪ੍ਰਿੰਸੀਪਲ ਸੰਤ ਸਿੰਘ ਸੇਖੋਂ ਕਰਹਲੇ ਗੀਤ ਦੇ ਸੰਬੰਧ ਵਿਚ ਕਰਹਲੇ ਸ਼ਬਦ ਦਾ ਅਰਥ ਊਠ ਜਾਂ ਊਠਾਂ ਵਾਲੇ ਅਤੇ ਕਾਫਲੇ ਦੇ ਅੱਗੇ ਗਾਏ ਜਾਣ ਵਾਲੇ ਗੀਤ ਦੇ ਹੀ ਹੋ ਸਕਦੇ ਹਨ ਗੁਰੂ ਰਾਮਦਾਸ ਜੀ ਨੇ ਮਨ ਨੂੰ 'ਕਰਹਲੋ (ਊਠ) ਕਹਿ ਕੇ ਸੰਬੋਧਨ ਕੀਤਾ ਹੈ।[6] ਡਾ. ਤਾਰਨ ਸਿੰਘ ਨੇ 'ਕਰਹਲੇ ਨੂੰ ਹੱਲੇ ਦੇ ਗੀਤ ਅਤੇ ਉਦਮ ਦੇ ਗੀਤ ਕਿਹਾ ਹੈ।[7] ਪੁਰਾਤਨ ਸਮੇਂ ਵਿੱਚ ਢੋਆ ਢੁਆਈ ਅਤੇ ਆਵਾਜਾਈ ਦੇ ਸਾਧਨ ਅੱਜ ਵਰਗੇ ਨਹੀਂ ਸਨ ਸੋ ਸਾਰਾ ਕੰਮ ਊਠਾਂ ਪਾਸੋਂ ਲਿਆ ਜਾਂਦਾ ਸੀ। ਰਸਤੇ ਦੀ ਲੰਮੀ ਯਾਤਰਾ ਤੈਅ ਕਰਦੇ ਵਪਾਰੀ ਰਾਤ ਬਰਾਤੇ ਸਫਰ ਕਰਦੇ ਪਰਿਵਾਰ ਅਤੇ ਘਰ ਬਾਹਰ ਤੋਂ ਦੂਰ ਵਿਛੋੜੇ ਦੀ ਤਾਂਘ ਵਿਚ ਇਕ ਖਾਸ ਲੰਮੀ ਹੇਕ ਵਾਲੇ ਗੀਤ ਗਾਉਂਦੇ ਹਨ। ਇਹ ਲੰਮੀ ਹੇਕ ਵਾਲਾ ਗੀਤ ਕਾਫਲੇ ਦਾ ਮੋਹਰੀ ਗਾਉਂਦਾ ਸੀ ਬਾਕੀ ਸਾਰਾ ਕਾਫਲਾ ਸਮੇਂ ਦਾ ਮਨੋਰੰਜਨ ਕਰਨ ਲਈ ਕੁਝ ਪਲ ਖੁਸ਼ੀ ਵਿਚ ਬਤੀਤ ਕਰਨ ਲਈ ਪਿੱਛੇ ਬੋਲਦੇ ਸਨ। ਗੁਰੂਗ੍ਰੰਥ ਸਾਹਿਬ ਵਿਚ ਕਰਹਲੇ ਗਾਇਨ ਸ਼ੈਲੀ ਨੂੰ ਕੇਵਲ ਗੁਰੂ ਰਾਮਦਾਸ ਸਾਹਿਬ ਜੀ ਨੇ ਵਰਤੋਂ ਵਿਚ ਲਿਆਂਦਾ ਹੈ। 'ਕਰਹਲੇ ਸਿਰਲੇਖ ਹੇਠ ਗੁਰੂਗ੍ਰੰਥ ਸਾਹਿਬ ਵਿਚ ਦੋ ਸ਼ਬਦ ਦਰਜ ਹਨ ਜਿਸ ਦੇ 10 ਬੰਦ ਹਨ। ਸੋ ਕਰਹਲੇ ਗਾਇਨ ਸ਼ੈਲੀ ਊਠਾਂ ਵਾਲੇ ਵਪਾਰੀਆਂ ਦੇ ਉਨ੍ਹਾਂ ਗੀਤਾਂ ਦੀ ਲੈਅ ਵੱਲ ਇਸ਼ਾਰਾ ਕਰਦੀ ਹੈ ਜਿਹੜੀ ਪ੍ਰਦੇਸ ਯਾਤਰਾ ਸਮੇਂ ਲੰਮੀ ਹੇਕ ਨਾਲ ਗਾਇਆ ਕਰਦੇ ਸਨ ਸੋ ਅਸੰਭਵ ਹੈ ਕਿ ਗੁਰੂਗਾਇਆ ਕਰਦੇ ਸਨ ਸੋ ਅਸੰਭਵ ਹੈ ਕਿ ਗੁਰੂਰਾਮਦਾਸ ਜੀ ਦੇ ਸਮੇਂ ਇਹ ਲੋਕ ਗੀਤਾਂ ਦੀ ਲੈਅ ਆਮ ਲੋਕਾਂ ਵਿਚ ਵਧੇਰੇ ਪ੍ਰਚਲਿਤ ਹੋਵੇ ਅਤੇ ਗੁਰੂਸਾਹਿਬ ਨੇ ਧੁਰ ਕੀ ਬਾਣੀ ਦਾ ਪ੍ਰਚਾਰ ਕਰਨ ਲਈ ਇਸ ਗਾਇਨ ਸ਼ੈਲੀ ਨੂੰ ਇਸ ਲੋਕ ਪ੍ਰਵਾਨਿਤ ਲੈਅ ਵਿਚ ਨਿਰਧਾਰਿਤ ਕਰਨਾ ਉਚਿਤ ਸਮਝਿਆ।

ਘੋੜੀਆਂ ਗਾਇਨ ਰੂਪ:

ਘੋੜੀਆਂ ਸ਼ਬਦ ਵਿਉਂਤਪਤੀ ਦੇ ਪਖੋਂ ਸੰਸਕ੍ਰਿਤ ਦੇ ਸ਼ਬਦ 'ਘੋਟਕੋ ਤੋਂ ਬਣਿਆ ਹੈ। ਰੂਪ ਵਟਾ ਕੇ ਇਹੋ ਸ਼ਬਦ ਪ੍ਰਾਕ੍ਰਿਤ ਵਿੱਚ 'ਘੋੜੋ ਹੈ। ਪੰਜਾਬੀ ਭਾਸ਼ਾ ਕਿਉਂਕਿ ਪ੍ਰਾਕ੍ਰਿਤਾਂ ਦੇ ਨੇੜੇ ਰਹੀ ਹੈ ਇਸ ਲਈ ਇਸ ਵਿਚ ਵੀ ਘੋੜਾ ਸ਼ਬਦ ਹੀ ਪ੍ਰਚਲਿਤ ਹੈ। ਘੋੜੀ ਘੋੜਾ ਦਾ ਇਸਤ੍ਰੀ ਲਿੰਗ ਹੈ ਅਤੇ ਘੋੜੀਆਂ ਬਹੁਵਚਨ ਹੈ। ਘੋੜੀਆਂ ਪੰਜਾਬੀ ਲੋਕ ਗੀਤਾਂ ਦਾ ਇੱਕ ਭੇਦ ਹੈ, ਜੋ ਕਿ ਲਾੜੇ ਦੇ ਘੋੜੀ ਚੜ੍ਹਨ ਦੇ ਸ਼ੁਭ ਅਵਸਰ ਤੇ ਉਸ ਦੀਆਂ ਭੈਣਾਂ ਅਤੇ ਹੋਰ ਰਿਸ਼ਤੇਦਾਰਨਾਂ ਵੱਲੋਂ ਗਾਇਨ ਕੀਤਾ ਜਾਂਦਾ ਹੈ। ਭੈਣਾਂ ਹਿਸ ਗੀਤ ਰਾਹੀਂ ਆਪਣੇ ਵੀਰ ਦੀ ਸੁੱਖ ਮਨਾਉਂਦੀਆਂ ਹਨ ਅਤੇ ਵਧਾਈਆਂ ਦਿੰਦੀਆਂ ਹਨ। ਇਸ ਤਰ੍ਹਾਂ ਘੋੜੀਆਂ ਪੰਜਾਬ ਦਾ ਵਿਆਹ ਸਮੇਂ ਦਾ ਗੀਤ ਹੈ। ਘੋੜੀਆਂ ਪੰਜਾਬੀ ਲੋਕ ਗੀਤਾਂ ਦਾ ਇੱਕ ਭੇਦ ਹੈ, ਜੋ ਕਿ ਲਾੜੇ ਦੇ ਘੋੜੀ ਚੜ੍ਹਨ ਦੇ ਸ਼ੁਭ ਅਵਸਰ ਤੇ ਉਸ ਦੀਆਂ ਭੈਣਾਂ ਅਤੇ ਹੋਰ ਰਿਸ਼ਤੇਦਾਰਨਾਂ ਵੱਲੋਂ ਗਾਇਨ ਕੀਤਾ ਜਾਂਦਾ ਹੈ। ਭੈਣਾਂ ਇਸ ਗੀਤ ਰਾਹੀਂ ਆਪਣੇ ਵੀਰ ਦੀ ਸੁੱਖ ਮਨਾਉਂਦੀਆਂ ਹਨ ਅਤੇ ਵਧਾਈਆਂ ਦਿੰਦੀਆਂ ਹਨ। ਇਸ ਤਰ੍ਹਾਂ ਘੋੜੀਆਂ ਪੰਜਾਬ ਦਾ ਵਿਆਹ ਸਮੇਂ ਦਾ ਗੀਤ ਹੈ।[8]

ਭਾਈ ਕਾਨ੍ਹ ਸਿੰਘ ਨਾਭਾ ਅਨੁਸਾਰ, "ਸ਼ਾਦੀ ਦੇ ਮੌਕੇ ਬਰਾਤ ਨੂੰ ਡੇਰਾ ਦੇਣ ਪਿੱਛੋਂ ਵਿਵਾਹ ਸੰਸਕਾਰ ਤੋਂ ਪਹਿਲਾਂ ਲਾੜੇ ਨੂੰ ਘੋੜੀ ਉਪਰ ਸਵਾਰ ਕਰਕੇ ਦੁਲਹਨ ਦੇ ਘਰ ਲੈ ਜਾਂਦੇ ਹਨ। ਇਸ ਦਾ ਨਾਉਂ ਘੋੜੀ ਦੀ ਰਸਮ ਰੱਖਿਆ ਹੈ। ਉਸ ਵੇਲੇ ਜੋ ਗੀਤ ਗਾਏ ਜਾਂਦੇ ਹਨ ਉਨ੍ਹਾਂ ਦੀ ਸੰਗਿਆ 'ਘੋੜੀਆਂ ਹੈ।"[9] ਲੋਕ ਮਨਾਂ ਵਿਚ ਘਰ ਕਰ ਚੁੱਕੇ ਇਸ ਲੋਕ ਗੀਤ ਦੀ ਧਾਰਨਾ ਉਪਰ ਗੁਰੂ ਰਾਮਦਾਸ ਜੀ ਨੇ ਰਾਗ ਵਡਹੰਸ ਵਿਚ ਇੱਕ ਵਿਸ਼ੇਸ਼ ਰਚਨਾ ਕੀਤੀ ਜਿਸ ਦਾ ਸਿਰਲੇਖ 'ਘੋੜੀਆਂ ਰਖਿਆ ਹੈ ਕਿਉਂਕਿ ਇਸ ਰਚਨਾ ਦਾ ਆਧਾਰ ਭੂਮੀ ਇਸਤਰੀਆਂ ਵਲੋਂ ਗਾਏ ਜਾਂਦੇ ਲੰਮੀ ਹੇਕ ਵਾਲੇ ਗੀਤ ਹਨ। ਇਸੇ ਲਈ ਮਨਮੋਹਨ ਸਹਿਗਲ ਨੇ ਇਨ੍ਹਾਂ ਸ਼ਬਦਾਂ ਨੂੰ ਇਸਤਰੀਆਂ ਦੇ ਗੀਤੋ ਦੀ ਧਾਰਨਾ ਉਪਰ ਆਧਾਰਿਤ ਮੰਨਿਆ ਹੈ।[10] ਇਨ੍ਹਾਂ ਦੋਹਾਂ ਸ਼ਬਦਾਂ ਵਿਚ ਮਾਨਵ ਨੂੰ ਲੋਕ ਅਤੇ ਪਰਲੋਕ ਦੇ ਸੁਖਾਂ ਨੂੰ ਪ੍ਰਾਪਤ ਕਰਨ ਦਾ ਉਪਦੇਸ ਦਿੱਤਾ ਗਿਆ ਹੈ। ਮਨੁੱਖਾਂ ਦੇਹ ਰੂਪੀ ਲਾੜੀ ਨੂੰ ਸ਼ਿੰਗਾਰੀ ਘੋੜੀ ਦੇ ਪ੍ਰਤੀਕ ਰਾਹੀਜ਼ ਰੂਪਮਾਨ ਕੀਤਾ ਗਿਆ ਹੈ। ਇਸ ਦੇਹੀ ਦੁਆਰਾ ਹੀ ਪ੍ਰਭੂਦਾ ਮਿਲਾਪ ਸੰਭਵ ਦੱਸਿਆ ਹੈ। ਨਮੂਨੇ ਵਜੋਂ ਗੁਰੂਗ੍ਰੰਥ ਸਾਹਿਬ ਵਿਚ ਦਰਜ ਘੋੜੀਆਂ:

ਦੇਹਿ ਭੇਜਣਿ ਜੀ ਰਾਮਿ ਉਪਾਈਆ ਰਾਮ।
ਧੰਨੁ ਮਾਣਸ ਜਨਮੁ ਪੁੰਨਿ ਪਾਈਆ ਰਾਮ।[11]

ਗੁਰੂਗ੍ਰੰਥ ਸਾਹਿਬ ਵਿਚ 'ਘੋੜੀਆਂ ਗਾਇਨ ਸ਼ੈਲੀ ਨੂੰ ਕੇਵਲ ਗੁਰੂਰਾਮਦਾਸ ਸਾਹਿਬ ਨੇ ਹੀ ਅਪਣਾਇਆ ਹੈ। ਘੋੜੀਆਂ ਇਕ ਪ੍ਰਤੀਕ ਹੈ ਜਿਸ ਵਿਚ ਵਿਆਹ ਨਾਲ ਸੰਬੰਧਿਤ ਘੋੜੀ ਰਸਮ ਦਾ ਲੌਕਿਕ ਵਰਨਣ ਪੇਸ਼ ਕੀਤਾ ਗਿਆ ਹੈ। ਗੁਰੂਸਾਹਿਬ ਨੇ ਵਿਆਹ ਦੇ ਵਾਤਾਵਰਣ ਨੂੰ ਬਿਆਨ ਕਰਨ ਲਈ ਲਾੜੀ ਲਾੜੇ ਦੇ ਮਿਲਾਪ ਦੇ ਨਾਲ ਜੀਵਆਤਮਾ ਦੇ ਪ੍ਰਭੂਨਾਲ ਮਿਲਾਪ ਵਲ ਸੰਕੇਤ ਕੀਤਾ ਹੈ। ਖੁਸ਼ੀ ਦੇ ਸਮੇਂ ਗੀਤ ਗਾਉਣੇ, ਨੱਚਣਾ, ਟੱਪਣਾ ਮਨੁੱਖ ਦਾ ਸੁਭਾਅ ਹੈ। ਪਰ ਜੇਕਰ ਇਸ ਤਰ੍ਹਾਂ ਹੀ ਇਹ ਖੁਸ਼ੀ ਦੇ ਮੌਕੇ ਵਾਧੂਅਤੇ ਵਿਅਰਥ ਗੀਤਾਂ, ਰਸਮਾਂ, ਰੀਤਾਂ ਵਿਚ ਬਤੀਤ ਹੋ ਜਾਣ ਤਾਂ ਪ੍ਰਭੂ ਮਿਲਾਪ ਲਈ ਕਿਹੜੇ ਸਮੇਂ ਗਾਇਆ ਜਾਵੇ, ਸੋ ਗੁਰੂਸਾਹਿਬ ਨੇ ਮਨੁਖੀ ਕਲਿਆਣ ਲਈ ਅਜਿਹੇ ਸ਼ੁਭ ਅਵਸਰ ਘੋੜੀ ਦੇ ਪ੍ਰਤੀਕ ਰਾਹੀਂ ਪ੍ਰਭੂਮਿਲਾਪ ਲਈ ਉਤਸਾਹਿਤ ਕੀਤਾ ਹੈ।

ਵਣਜਾਰਾ ਗਾਇਨ ਰੂਪ:

ਭਾਈ ਕਾਨ੍ਹ ਸਿੰਘ ਨਾਭਾ ਅਨੁਸਾਰ ਵਣਜਾਰਾ ਸ਼ਬਦ ਦਾ ਅਰਥ ਵਪਾਰ ਕਰਨ ਵਾਲਾ ਵਪਾਰੀ ਦਾ ਸੌਦਾਗਰ ਹੈ। ਗੁਰਬਚਨ ਸਿੰਘ ਤਾਲਬ ਨੇ ਵਣਜਾਰੇ ਦਾ ਅਰਥ Itinerant Merchant ਕੀਤੇ ਹਨ। ਇਹ ਸ਼ਬਦ ਗੁਰੁਸਾਹਿਬ ਨੇ ਉਸ ਮਨੁੱਖ ਦੇ ਪ੍ਰਤੀਕ ਵਜੋਂ ਵਰਤਿਆ ਹੈ ਜੋ ਜੀਵਨ ਵਿਚ ਪੁੰਨ ਅਤੇ ਪਾਪ ਦਾ ਵਪਾਰ ਕਰਦਾ ਹੈ।[12] ਡਾ. ਮਹਿੰਦਰ ਕੌਰ ਗਿੱਲ ਅਨੁਸਾਰ ਵਣਜਾਰਾ ਦਾ ਅਰਥ ਵਣਜ ਜਾਂ ਵਪਾਰ ਕਜਨ ਵਾਲਾ। ਵਣਜਾਰੇ ਲੋਕ ਇਕ ਥਾਂ ਤੋਂ ਦੂਸਰੀ ਥਾਂ ਵਪਾਰ ਕਰਨ ਲਈ ਜਾਂਦੇ ਸਨ। ਸਫਰ ਕਰਦਿਆਂ, ਦੁੱਖ, ਗਰਮੀ, ਹਨੇਰੀ, ਤਕਲੀਫਾਂ ਆਦਿ ਸਿਰ ਉਪਰ ਸਹਾਰ ਕੇ ਲਾਭ ਪ੍ਰਾਪਤ ਕਰਨ ਦੀ ਸੋਚਦੇ ਸਨ। ਰਸਤੇ ਦੀ ਕਠਿਨਾਈ ਨੂੰ ਭੁੱਲਣ ਦੇ ਯਤਨ ਵਿਚ ਯਾਤਰੂਲੋਕ ਗੀਤ ਜਾਂ ਭਜਨ ਗਾਉਣ ਲੱਗ ਪੈਂਦੇ ਹਨ। ਵਣਜਾਰਾ ਗਾਇਨ ਸ਼ੈਲੀ ਦਾ ਸੰਬੰਧ ਵੀ ਯਾਤਰਾ ਗੀਤਾਂ ਨਾਲ ਹੈ।[13] ਕਰਹਲੇ ਗਾਇਨ ਸ਼ੈਲੀ ਜਿਵੇਂ ਊਠਾਂ ਵਾਲੀਆਂ ਦੇ ਗੀਤ ਹਨ ਇਸ ਤਰ੍ਹਾਂ ਹੀ ਇਹ ਵਪਾਰੀਆਂ, ਵਣਜਾਰਿਆਂ ਦੀ ਲੋਕ ਧੁਨੀ ਉਪਰ ਅਧਾਰਿਤ ਲੋਕ ਗਾਇਨ ਸ਼ੈਲੀਆਂ ਹਨ ਜਿਸ ਵਿਚ ਨਾਮ ਧਨ ਇਕੱਤਰ ਕਰਨ ਦਾ ਉਪਦੇਸ਼ ਹੈ। ਗੁਰੂ ਗ੍ਰੰਥ ਸਾਹਿਬ ਵਿਚ ਗੁਰੂਰਾਮਦਾਸ ਜੀ ਨੇ ਵਣਜਾਰਾ ਗਾਇਨ ਸ਼ੈਲੀ ਦੀ ਵਰਤੋਂ ਕੀਤੀ ਹੈ:

ਹਰਿ ਹਰਿ ਉਤਮੁ ਨਾਮੁ ਹੈ ਜਿਨਿ ਸਿਰਿਆ ਸਭੁ ਕੋਇ ਜੀਉ
ਹਰਿ ਜੀਅ ਅਤੇ ਪ੍ਰਤਿਪਾਲਦਾ ਘਟਿ ਘਟਿ ਰਮਈਆ ਸੋਇ॥ (ਪੰਨਾ 8)

ਇਸ ਸ਼ਬਦ ਦੇ ਛੇ ਬੰਦ ਹਨ। ਹਰ ਬੰਦ ਵਿਚ ਪੰਜ ਪੰਕਤੀਆਂ ਹਨ। ਹਰ ਬੰਦ ਪਿਛੋਂ ਦੋ ਪੰਕਤੀਆਂ ਰਹਾਉ ਵਾਲੀਆਂ ਹਨ। ਇਸ ਸ਼ਬਦ ਦੀ ਪਹਿਲੀ ਪੰਕਤੀ ਛੋਟੀ ਅਤੇ ਦੂਸਰੀ ਪਹਿਲੀ ਤੋਂ ਤਕਰੀਬਨ ਦੁਗਣੀ ਹੈ। ਹਰ ਬੰਦ ਦਾ ਅੰਕ ਬੰਦ ਦੀ ਸਮਾਪਤੀ ਉਪਰ ਬਦਲ ਜਾਂਦਾ ਹੈ ਪਰੰਤੂ ਰਹਾਉ ਵਾਲੀਆਂ ਪੰਕਤੀਆਂ ਦਾ ਅੰਕ ਬਦਲਦਾ ਨਹੀਂ ਸਗੋਂ ਇਕ ਹੀ ਰਹਿੰਦਾ ਹੈ। ਇਸ ਤੋਂ ਸਪੱਸ਼ਟ ਹੈ ਕਿ ਹਰ ਪਦੇ ਨੂੰ ਗਾਇਨ ਕਰਨ ਲਈ ਗੁਰੂ ਸਾਹਿਬ ਨੇ ਵੱਖਰੀ ਪੰਕਤੀ ਸਥਾਪਤ ਕਰ ਦਿੱਤੀ। ਬੋਲੀ ਅਤੇ ਸ਼ੈਲੀ ਦੇ ਪੱਖ ਤੋਂ ਇਹ ਰਚਨਾ ਸਰਲ ਅਤੇ ਸਪੱਸ਼ਟ ਹੈ। ਕੁਝ ਸ਼ਬਦ ਸੰਗੀਤਕ ਲੈਅ ਅਤੇ ਵਜਨ ਦੀ ਪੂਰਤੀ ਲਈ ਵਧਾਏ ਗਏ ਹਨ।

ਲਾਵਾਂ ਗਾਇਨ ਰੂਪ

ਲਾਵਾਂ ਸ਼ਬਦ ਦਾ ਅਰਥ ਹੈ ਤੋੜਨਾ, ਵਿਆਹ ਵੇਲੇ ਲੜਕੀ ਦਾ ਆਪਣੇ ਪਿਤਾ-ਪੁਰਖੀ ਸੰਬੰਧਾਂ ਨੂੰ ਤੋੜ ਕੇ ਸਹੁਰੇ ਪਰਿਵਾਰ ਨਾਲ ਰਿਸ਼ਤਾ ਜੁੜਦਾ ਹੈ। ਇਸ ਲਈ ਵਿਆਹ ਵੇਲੇ ਅਨੰਦ ਕਾਰਜ ਦੇ ਸਮੇਂ ਗਾਇਨ ਕੀਤੀ ਗੁਰਬਾਣੀ ਨੂੰ ਲਾਵਾਂ ਸ਼ਬਦ ਨਾਲ ਸੰਬੋਧਿਤ ਕੀਤਾ ਗਿਆ ਹੈ। ਸਿੱਖ ਸਭਿਆਚਾਰ ਦੇ ਸੰਦਰਭ ਵਿਚ ਗੁਰੁਸਾਹਿਬ ਨੇ ਵਿਆਹ ਦੇ ਸਮੇਂ ਲਈ ਵੀ ਵਿਲੱਖਣ ਰਸਮ ਬਣਾਈ ਜਿਹੜੀ ਇਸ ਨੂੰ ਖ਼ਾਸ ਕਰਕੇ ਬਾਕੀ ਧਰਮਾਂ ਦੇ ਸਭਿਆਚਾਰ ਨਾਲੋਂ ਭਿੰਨ ਦਰਸਾਉਂਦੀ ਹੈ।[14]

ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਗੁਰੂਰਾਮਦਾਸ ਜੀ ਨੇ ਰਾਗ ਸੂਹੀ ਵਿਚ ਲਾਂਵਾਂ ਦੇ ਚਾਰ ਸ਼ਬਦ ਰਚ ਕੇ ਇਸ ਅਨੰਦ ਕਾਰਜ ਦੀ ਰਸਮ ਨੂੰ ਦੁਨੀਆਵੀ ਅਰਥਾਂ ਤੋਂ ਪਾਰ ਅਧਿਆਤਮਕ ਪਸਾਰ ਬਖ਼ਸ਼ ਦਿੱਤਾ। ਵਿਆਹ ਦੀ ਰਸਮ ਦੇ ਇਹ ਅਰਥ ਗੁਰੂ ਸਾਹਿਬ ਵਲੋਂ ਲਾਵਾਂ ਦੀ ਬਾਣੀ ਜਾਂ ਸ਼ਬਦ ਨਿਰਾਧਿਤ ਰਾਗ ਅਨੁਸਾਰ ਗਾਇਨ ਨਾਲ ਦਾਰਸ਼ਨਿਕ ਮਹੱਤਵ ਧਾਰ ਗਏ। ਇਸ ਤਰ੍ਹਾਂ ਗੁਰਬਾਣੀ ਨੇ ਇਸ ਰਸਮ ਨੂੰ ਖੇੜਾ ਪ੍ਰਦਾਨ ਕੀਤਾ ਅਤੇ ਇਹ ਰਸਮ ਜੀਵ ਅੰਦਰ ਇਕ ਖੁਸ਼ੀ ਬਣ ਕੇ ਪ੍ਰਵੇਸ਼ ਕਰਦੀ ਹੈ। ਖੁਸ਼ੀ ਵਿਚ ਵਿਆਹ ਦੇ ਗੀਤ ਇਕ ਖਾਸ ਮਹੱਤਤਾ ਰੱਖਦੇ ਹਨ। ਇਹਨਾਂ ਗੀਤਾਂ ਦੀ ਪਰੰਪਰਾ ਬੜੀ ਪੁਰਾਣੀ ਹੈ। ਇਹ ਗੀਤ ਸਮੇਂ ਦੇ ਨਾਲ ਆਪਣੀ ਵਿਲੱਖਣਤਾ ਪ੍ਰਦਾਨ ਕਰ ਗਏ। ਪੰਜਾਬੀ ਲੋਕ ਗਾਇਨ ਪਰੰਪਰਾ ਵਿਚ ਬਹੁਤ ਸਾਰੇ ਅਜਿਹੇ ਗਾਇਨ ਰੂਪ ਹਨ ਜਿਹੜੇ ਬਾਅਦ ਵਿਚ ਵਿਸ਼ਿਸ਼ਟ ਕਾਵਿ ਪਰੰਪਰਾ ਵਿਚ ਬਦਲਵੇਂ ਰੂਪ ਵਿਚ ਅਪਣਾਏ ਗਏ ਹਨ। ਲਾਵਾਂ ਪੰਜਾਬੀ ਲੋਕ ਕਾਵਿ ਪਰੰਪਰਾ ਵਿੱਚ ਸੁਤੰਤਰ ਗੀਤ ਰੂਪ ਹੈ। ਇਹ ਗਾਇਨ ਸ਼ੈਲੀ ਅਨੰਦ ਕਾਰਜ ਦੀ ਰਸਮ ਸਮੇਂ ਗਾਇਨ ਕੀਤੀ ਜਾਂਦੀ ਹੈ। ਇਸ ਗਾਇਨ ਸ਼ੈਲੀ ਦੇ ਚਾਰ ਬੰਦ ਹਨ। ਜਿਨ੍ਹਾਂ ਵਿਚ ਮਨੁੱਖੀ ਜੀਵਨ ਵਿਚ ਵਿਚਰਨ ਬਾਰੇ ਜਾਣਕਾਰੀ ਦਿੱਤੀ ਗਈ ਹੈ। ਇਸ ਤਰ੍ਹਾਂ ਲਾਵਾਂ ਗਾਇਨ ਸ਼ੈਲੀ ਸਿੱਖ ਸਭਿਆਚਾਰ ਅੰਦਰ ਇਕ ਸੁਤੰਤਰ ਬਾਣੀ ਵਜੋਂ ਵਿਲੱਖਣ ਸਥਾਨ ਰਖਦੀਆਂ ਹਨ। ਗੁਰੂ ਰਾਮਦਾਸ ਜੀ ਵਲੋਂ ਉਪਰੋਕਤ ਰਸਮ ਅਨੁਸਾਰ ਚਾਰ ਲਾਵਾਂ ਦੇ ਸ਼ਬਦਾਂ ਦੇ ਉਚਾਰਣ ਤੋਂ ਬਾਦ ਰਾਗੀ ਸਿੰਘ ਵਲੋਂ ਸੂਹੀ ਰਾਗ ਵਿਚ ਲਾਵਾਂ ਦਾ ਕੀਰਤਨ ਗਾਇਨ ਕਰਨ ਦੀ ਵਿਲੱਖਣ ਪਰੰਪਰਾ ਸਥਾਪਤ ਹੈ। ਸੂਹੀ ਬਸੰਤ ਰੁਤ ਦਾ ਰਾਗ ਹੈ। ਇਸ ਨੂੰ ਗਾਇਨ ਕਰਨ ਦਾ ਸਮਾਂ ਦੋ ਘੜੀ ਦਿਨ ਚੜੇ ਹੈ।[15] ਜਦੋਂ ਪ੍ਰਕਿਰਤੀ ਪੂਰਨ ਰੂਪ ਵਿਚ ਕਾਰਜਸ਼ੀਲ ਹੋ ਚੁੱਕੀ ਹੁੰਦੀ ਹੈ। ਹਰ ਪ੍ਰਾਣੀ ਜਾਗ ਚੁੱਕਿਆ ਹੁੰਦਾ ਹੈ। ਦਿਨ ਦਾ ਇਹ ਜੋਬਨ ਪੱਖ ਹੈ। ਵਿਆਹ ਵੀ ਮਾਨਵ ਅੰਦਰ ਹਰ ਪੱਖ ਤੋਂ ਜੋਬਨ ਦੀ ਆਮਦ ਦਾ ਪ੍ਰਤੀਕ ਹੁੰਦਾ ਹੈ। ਇਸੇ ਕਾਰਨ ਹੀ ਸਿੱਖ ਸਮਾਜ ਨੇ ਇਸ ਰਸਮ ਨੂੰ ਨਿਭਾਉਣ ਦਾ ਸਮਾਂ ਦੁਪਹਿਰ ਤੋਂ ਪਹਿਲਾਂ ਦਾ ਰੱਖਿਆ ਹੈ ਕਿਉਂਕਿ ਸੂਹੀ ਰਾਗ ਦੇ ਗਾਇਨ ਦਾ ਸਮਾਂ 12 ਵਜੇ ਤੋਂ ਪਹਿਲਾਂ ਦਾ ਹੈ। ਇਸ ਰਸਮ ਵੇਲੇ ਹੋਰ ਵੀ ਖੁਸ਼ੀ ਦੇ ਅਨੰਦਮਈ ਸ਼ਬਦਾਂ ਦਾ ਗਾਇਨ ਕੀਤਾ ਜਾਂਦਾ ਹੈ ਜੋ ਗੁਰਮਤਿ ਸੰਗੀਤ ਦੀ ਪਰੰਪਰਾ ਅਨੁਸਾਰ ਗੁਰੂਗ੍ਰੰਥ ਸਾਹਿਬ ਵਿਚ ਪ੍ਰਯੁਕਤ ਹਨ।

ਸ੍ਰੀ ਗੁਰੁਗ੍ਰੰਥ ਸਾਹਿਬ ਵਿਚ ਦਰਜ ਲਾਵਾਂ ਬਾਣੀ ਫੁਰਮਾਣ:

ਹਰਿ ਪਹਿਲੜੀ ਲਾਵ ਪਰਵਿਰਤੀ ਕਰਮ ਦ੍ਰਿੜਾਇਆ ਬਲਿਰਾਮ ਜੀਉ॥
ਬਾਣੀ ਬ੍ਰਹਮਾ ਵੇਦੁ ਧਰਮ ਦ੍ਰਿੜਹੁ ਪਾਪ ਤਜਾਇਆ ਬਲਿਰਾਮ ਜੀਉ॥[16]

ਹਰਿ ਦੂਜੜੀ ਲਾਵ ਸਤਿਗੁਰ ਪੁਰਖੁ ਮਿਲਾਇਆ ਬਲਿਰਾਮ ਜੀਉ॥
ਨਿਰਭਉ ਭੈ ਮਨੁ ਹੋਇ ਹਉਮੈ ਮੈਲੁ ਗਵਾਇਆ ਬਲਿਰਾਮ ਜੀਉ॥[17]

ਹਰਿ ਤੀਜੜੀ ਲਾਵ ਮਨ ਚਾਉ ਭਇਆ ਬੈਰਾਗੀਆ ਬਲਿਰਾਮ ਜੀਉ॥
ਸੰਤਾ ਜਨਾ ਹਰਿ ਮੇਲ ਹਰਿ ਪਾਇਆ ਵਡਭਾਗੀਆ ਬਲਿਰਾਮ ਜੀਉ॥[18]

ਹਰਿ ਚਉਥੜੀ ਲਾਵ ਮਨਿ ਸਹਜੁ ਭਇਆ ਹਰਿ ਪਾਇਆ ਬਲਿਰਾਮ ਜੀਉ॥
ਗੁਰਮੁਖਿ ਮਿਲਿਆ ਸੁਭਾਇ ਹਰਿ ਮਨਿ ਤਨਿ ਮੀਠਾ ਲਾਇਆ ਬਲਿਰਾਮ ਜੀਉ॥[19]

ਇਸ ਤਰ੍ਹਾਂ ਚਾਰ ਲਾਵਾਂ ਸੰਸਾਰ ਸੰਬੰਧਾਂ ਦੇ ਟੁੱਟਣ ਦੇ ਚਾਰ ਚਰਨ ਹਨ, ਜਿਨ੍ਹਾਂ ਵਿਚੋਂ ਲੰਘ ਕੇ ਪ੍ਰਾਣੀ ਪ੍ਰਭੂਪ੍ਰੇਮ ਵਿਚ ਸਦੀਵੀ ਰੂਪ ਵਿੱਚ ਰੰਗਿਆ ਜਾਂਦਾ ਹੈ। ਪ੍ਰੇਮ ਭਗਤੀ ਅਨੰਦਮਈ ਹੁੰਦੀ ਹੈ। ਇਸ ਲਈ ਇਹ ਸਾਰਾ ਕਾਰਜ ਅਨੰਦ ਸਰੂਪ ਹੈ, ਅਨੰਦ ਕਾਰਜ ਹੈ। ਵਿਆਹ ਸੰਬੰਧ ਦੀ ਸ਼ੁੱਧਤਾ ਅਤੇ ਉੱਚਤਾ ਕਾਰਨ ਗੁਰੂ ਸਾਹਿਬਾਨ ਨੇ ਇਸ ਰਸਮ ਨੂੰ ਪਵਿੱਤਰਤਾ ਦਾ ਦਰਜਾ ਬਖਸ਼ਿਆ ਹੈ ਜੋ ਗੁਰਮਤਿ ਸੰਗੀਤ ਦੀ ਕੀਰਤਨ ਪਰੰਪਰਾ ਵਿਚ ਵਿਆਹ ਅਨੰਦ-ਕਾਰਜ ਹੈ। ਇਸ ਲਈ ਲਾਵਾਂ ਦੇ ਸ਼ਬਦਾਂ ਦੀ ਰਚਨਾ ਖੇੜੇ ਤੇ ਖੁਸ਼ੀ ਦੇ ਭਾਵ ਅਨੁਸਾਰ ਹੋਈ ਹੈ। ਸੋ ਉਪਰੋਕਤ ਅਨੁਸਾਰ ਇਹਨਾਂ ਨੂੰ ਜਿਸ ਰਾਗ ਵਿੱਚ ਉਚਾਰਿਆ ਗਿਆ ਹੈ, ਉਸ ਰਾਗ ਦਾ ਨਾਮ ਸੂਹੀ ਹੈ ਜਿਸ ਦਾ ਅਰਥ ਹੈ ਸੁਰਖ, ਲਾਲ ਹੈ।[20] ਇਹ ਰੰਗ ਸ਼ਗਨਾਂ ਦਾ ਰੰਗ ਹੈ ਅਤੇ ਵਿਆਹ ਬੰਧਨ ਨੂੰ ਨਿਭਾਉਣ ਵਾਸਤੇ ਇਸ ਦੀ ਜ਼ਰੂਰਤ ਹੈ। ਵਿਆਹ ਵੇਲੇ ਵਸਤਰਾਂ ਦਾ ਰੰਗ ਵੀ ਲਾਲ ਹੀ ਮਿਥਿਆ ਗਿਆ ਹੈ। ਇਸ ਲਈ ਬਾਣੀ ਰੂਪ ਲਾਵਾਂ ਇਸ ਪੱਖ ਤੋਂ ਵੀ ਕਮਾਲ ਹਨ।[21] ਗੁਰਮਤਿ ਸੰਗੀਤ ਦੀ ਪਰੰਪਰਾ ਅਨੁਸਾਰ ਸੂਹੀ ਰਾਗ ਵਿਚ ਚਾਰ ਲਾਵਾਂ ਦੇ ਸ਼ਬਦਾਂ ਦਾ ਗਾਇਨ ਰਾਗੀ ਸਿੰਘਾਂ ਵਲੋਂ ਨਿਰਧਾਰਤ ਪ੍ਰਣਾਲੀ ਅਨੁਸਾਰ ਕਰਨਾ ਚਾਹੀਦਾ ਹੈ ਕਿਉਂਕਿ ਗੁਰਮਤਿ ਸੰਗੀਤ ਦੀ ਪਰੰਪਰਾ ਵਿਚ ਅਨੰਦ ਕਾਰਜ ਦੀ ਇਕ ਵਿਸ਼ੇਸ਼ ਚੋਕੀ ਪਰੰਪਰਾ ਹੈ ਜਿਸ ਤਹਿਤ ਇਸ ਦਾ ਗਾਇਨ ਕਰਨ ਦੀ ਪਰੰਪਰਾ ਹੈ। ਸੋ ਇਸ ਰਸਮ ਵੇਲੇ ਸਭ ਤੋਂ ਪਹਿਲਾਂ ਕੀਤਾ ਲੋੜੀਐ ਕੰਮ ਸੁ ਹਰਿ ਪੈ ਰਾਖੀਐ, ਸਭੇ ਕਾਰਜ ਸੁਹੇਲੜੇ ਥੀਏ ਤੋ ਪਲੈ ਤੈਡੇ ਲਾਗੀ, ਉਪਰੰਤ ਲਾਵਾਂ ਤੇ ਆਨੰਦ ਸਾਹਿਬ ਤੋਂ ਬਾਅਦ ਵੀਆਹ ਹੋਆ ਮੇਰੇ ਬਾਬਲਾ ਸ਼ਬਦਾਂ ਦਾ ਗਾਇਨ ਕੀਤਾ ਜਾਂਦਾ ਹੈ।

ਸ਼ਾਸਤਰੀ ਗਾਇਨ ਸ਼ੈਲੀਆਂ

ਪੜਤਾਲ ਗਾਇਨ ਰੂਪ:

ਭਾਈ ਕਾਨ੍ਹ ਸਿੰਘ ਨਾਭਾ ਅਨੁਸਾਰ, "ਪੜਤਾਲ ਸੰਗਜਾਜਾਂਚ, ਛਾਨ ਬੀਨ, ਦੇਖ ਭਾਲ।"[22]
ਭਾਈ ਸਾਹਿਬ ਅਨੁਸਾਰ ਪੜਤਾਲ ਦੇ ਦੂਸਰੇ ਅਰਥ ਹਨ: ਪਟਤਾਲ ਚਾਰ ਤਾਲ ਦਾ ਭੇਦ।[23] ਆਪ ਨੇ ਪੜਤਾਲ ਜਾਂ ਪਟਤਾਲ ਨੂੰ ਮ੍ਰਿਦੰਗ ਤੇ ਵਜਾਉਣ ਵਾਲਾ ਚਾਰ ਤਾਲ ਦਾ ਇਕ ਪ੍ਰਕਾਰ ਮੰਨਿਆ ਹੈ ਅਤੇ ਕਿਹਾ ਹੈ, "ਇਸ ਤਾਲ ਵਿਚ ਗਾਏ ਜਾਣ ਵਾਲੇ ਪਦਾਂ ਦੀ ਪੜਤਾਲ ਸੰਗਯਾ ਹੋ ਗਈ ਹੈ, ਭਾਵ ਉਹ ਕਿਸੇ ਧਾਰਣਾ ਦੇ ਹੋਣ"[24] ਪ੍ਰੋ. ਸਾਹਿਬ ਸਿੰਘ ਪੜਤਾਲ ਬਾਰੇ ਜਿਥੇ ਤਾਲ ਮੁੜ ਮੁੜ ਪਰਤਦਾ ਹੈ, ਬਦਲਦਾ ਰਹੇ[25] ਡਾ. ਚਰਨ ਸਿੰਘ ਅਨੁਸਾਰ ਅਰਥ ਇਸ ਦਾ ਪਰਤਾਉ ਤਾਲ ਦਾ ਹੈ, ਭਾਵ ਜਿਸ ਦੇ ਗਾਉਣ ਵਿਚ ਤੁਕ ਤੁਕ ਤੇ ਤਾਲ ਪਰਤਦਾ ਜਾਂਦਾ ਹੈ, ਸੋ ਪੜਤਾਲ ਹੈ।[26] ਸ੍ਰੀ ਗੁਰੂਗ੍ਰੰਥ ਸਾਹਿਬ ਵਿਚ ਆਸਾ ਕਾਨੜੇ ਆਦਿਕ ਰਾਗਾਂ ਦੇ ਪੜਤਾਲ ਸਰਬਲੋਹ ਗ੍ਰੰਥ ਵਿਚ ਅਨੇਕਾਂ ਛੰਦਾਂ ਦੇ ਆਦਿ ਪੜਤਾਲੋ ਲਿਖਿਆ ਹੈ।[27] ਭਾਈ ਸਾਹਿਬ ਸਿੰਘ ਦਾ ਇਹ ਕਥਨ ਸ੍ਰੀ ਗੁਰੂਗ੍ਰੰਥ ਸਾਹਿਬ ਅਤੇ ਸਰਬਲੋਹ ਗ੍ਰੰਥ ਵਿਚ ਪੜਤਾਲ ਸ਼ੈਲੀ ਦਾ ਅੰਕਣ ਗਾਇਨ ਦੀ ਪੁਸ਼ਟੀ ਕਰਦਾ ਹੈ:

ਗੁਰਮਤਿ ਸੰਗੀਤ ਅਚਾਰੀਆ ਪ੍ਰੋ. ਤਾਰਾ ਸਿੰਘ ਦੇ ਅਨੁਸਾਰ, "ਜਿਸ ਸ਼ਬਦ ਰੀਤ ਵਿਚ ਤੁਕ ਤੁਕ ਤੇ ਤਾਲ ਬਦਲੇ ਉਸ ਨੂੰ ਪੜਤਾਲ ਸ਼ਬਦ ਵਿਚ ਵਰਤੇ ਗਏ ਰਹਾਓ ਨੂੰ ਸਥਾਈ ਦਾ ਰੂਪ ਦੇ ਕੇ, ਹੋਰ ਪਦਾਂ ਨੂੰ ਉਹਨਾਂ ਦੀ ਕਾਵਿ ਸ੍ਰਿਸਟੀ ਅਨੁਸਾਰ ਭਿੰਨ ਭਿੰਨ ਤਾਲਾਂ ਵਿਚ ਦਿੱਤੇ ਅੰਕਾਂ ਦੀ ਸੀਮਾ ਵਿਚ ਰਹਿੰਦੇ ਹੋਏ ਗਾ ਕੇ ਸਥਾਈ ਵਿਚ ਬੜੇ ਆਕਰਸ਼ਕ ਅਤੇ ਕਲਾਤਮਿਕ ਢੰਗ ਨਾਲ ਪਰਿਵੇਸ਼ ਕੀਤਾ ਜਾਂਦਾ ਹੈ।[28]

ਉਪਰੋਕਤ ਅਨੁਸਾਰ ਪੜਤਾਲ ਨੂੰ ਕੇਵਲ ਪਟਤਾਲੋ ਵਿਚ ਗਾਈ ਜਾਣ ਵਾਲੀ ਰਚਨਾ ਮਨਣਾ ਸਹੀ ਪ੍ਰਤੀਤ ਨਹੀਂ ਹੁੰਦਾ ਕਿਉਂਕਿ ਪੜਤਾਲ ਦੀਆਂ ਪੁਰਾਣੀਆਂ ਅਤੇ ਨਵੀਆਂ ਕਈ ਰੀਤਾਂ ਵੱਖ ਵੱਖ ਤਾਲਾਂ ਵਿੱਚ ਨਿਬੱਧ ਸੁਣਨ ਨੂੰ ਮਿਲਦੀਆਂ ਹਨ। ਗੁਰੂਸਾਹਿਬ ਨੇ ਪੜਤਾਲ ਲਿਖਣ ਸਮੇਂ ਰਾਗ, ਮਹਲਾ, ਘਰੁ, ਕਾਵਿ ਰੂਪ ਅਤੇ ਪੜਤਾਲ ਵੱਖ ਵੱਖ ਸੰਕੇਤ ਬਾਣੀ ਵਿਚ ਦਿੱਤੇ ਹਨ। ਇਸ ਤਰ੍ਹਾਂ ਪੜਤਾਲ ਤੋਂ ਭਾਵ ਅਜਿਹੀ ਸ਼ਬਦ ਰਚਨਾ ਜਿਸ ਵਿਚ ਤਾਲਾਂ ਨੂੰ ਬਦਲ ਬਦਲ ਕੇ ਪ੍ਰਯੋਗ ਕੀਤਾ ਜਾਂਦਾ ਹੈ। ਪੜਤਾਲ ਗਾਇਨ ਸ਼ੈਲੀ ਗਾਇਨ ਕਰਨ ਸਮੇਂ ਸ਼ਬਦਾਂ ਦੀ ਰਹਾਉ ਵਾਲੀ ਤੁਕ ਨੂੰ ਸਥਾਈ ਬਣਾ ਕੇ ਉਸ ਦਾ ਗਾਇਨ ਵਿਸ਼ੇਸ਼ ਤਾਲ ਵਿਚ ਕਰਨ ਦੀ ਪਰੰਪਰਾ ਹੈ।

ਵੱਖ ਵੱਖ ਅੰਤਰੇ ਗਾਇਨ ਵੇਲੇ ਵੀ ਤਾਲ ਬਦਲੇ ਜਾਂਦੇ ਹਨ ਅਤੇ ਹਰ ਅੰਤਰੇ ਦਾ ਗਾਇਨ ਤੋਂ ਬਾਅਦ ਸਥਾਈ ਵਿਚ ਫਿਰ ਉਸੇ ਹੀ ਤਾਲ ਵਿਚ ਪਰਤਨਾ ਹੁੰਦਾ ਹੈ ਅਤੇ ਇਸ ਪਿੱਛੋਂ ਹਰ ਅੰਤਰਾ ਨਵੇਂ ਤਾਲ ਵਿਚ ਲੈਣ ਦੀ ਪਰੰਪਰਾ ਹੈ।

ਪੜਤਾਲ ਗਾਇਨ ਸ਼ੈਲੀ ਦੀ ਸਿਰਜਣਾ ਸਭ ਤੋਂ ਪਹਿਲਾਂ ਸੰਗੀਤਕਾਰ ਗੁਰਰਾਮਦਾਸ ਜੀ ਨੇ ਕੀਤੀ ਗੁਰੂ ਗ੍ਰੰਥ ਸਾਹਿਬ ਵਿਚ

ਉਹਨਾਂ ਵਲੋਂ ਰਚਿਤ 19 ਪੜਤਾਲ ਰਾਗ ਬਿਲਾਵਲ, ਨਟਨਰਾਇਣ, ਨਟ, ਸਾਰੰਗ, ਮਲਾਰ, ਕਾਨੜਾ ਅਤੇ ਪ੍ਰਭਾਤੀ ਬਿਭਾਸ ਰਾਗਾਂ ਵਿਚ ਦਰਜ ਹੈ। ਗੁਰਮਤਿ ਸੰਗੀਤ ਤੋਂ ਬਗੈਰ ਕਿਸੇ ਸੰਗੀਤ ਪਰੰਪਰਾ ਵਿਚ ਪੜਤਾਲ ਦਾ ਉਲੇਖ ਪ੍ਰਾਪਤ ਨਹੀਂ ਹੁੰਦਾ।

ਇਸ ਤਰ੍ਹਾਂ ਗੁਰੂਰਾਮਦਾਸ ਜੀ ਨੇ ਪੜਤਾਲ ਗਾਇਨ ਸ਼ੈਲੀ ਦੀ ਸਿਰਜਣਾ ਕਰਦੇ ਸਮੇਂ ਤਿੰਨ ਗਾਇਨ ਸ਼ੈਲੀਆਂ ਜਿਸ ਵਿਚ ਅਮੀਰ ਖੁਸਰੋ ਦਾ ਛੋਟਾ ਖਿਆਲ, ਸੁਲਤਾਨ ਹੁਸੈਨ ਦਾ ਵੱਡਾ ਖਿਆਲ ਅਤੇ ਰਾਜਾ ਮਾਨ ਸਿੰਘ ਤੋਮਰ ਦਾ ਧਰੁਪਦ ਗਾਇਕੀ ਨੂੰ ਵੀ ਆਪਣੇ ਧਿਆਨ ਵਿਚ ਰੱਖਿਆ ਸੀ। ਗੁਰੂ ਸਾਹਿਬ ਨੇ ਪੜਤਾਲ ਗਾਇਨ ਸ਼ੈਲੀ ਜੋ ਸ਼ਾਸਤਰੀ ਸੰਗੀਤ ਤੇ ਆਧਾਰਿਤ ਹੈ, ਵਿੱਚ ਉਪਰੋਕਤ ਵਰਨਵਿਤ ਸਾਰੀਆਂ ਸ਼ੈਲੀਆਂ ਨੂੰ ਇਕੋ ਸ਼ਬਦ ਵਿਚ ਸਰੂਪਿਤ ਕੀਤਾ। ਪੜਤਾਲ ਗਾਇਨ ਸ਼ੈਲੀ ਨੂੰ ਬਾਣੀ ਵਿਚ ਭਿੰਨ ਭਿੰਨ ਤਾਲਾਂ, ਮਾਤਰਾ ਬੋਲ ਅਤੇ ਵਜਨ ਦੁਆਰਾ ਸਿਰਜਿਆ। ਬਾਣੀ ਵਿਚ ਪੜਤਾਲ ਸ਼ੈਲੀ ਵਿਚ ਵਰਤੇ ਗਏ ਰਹਾਉ ਨੂੰ ਸਥਾਈ ਦਾ ਰੂਪ ਦੇ ਕੇ ਹੋਰ ਪਦਾਂ ਨੂੰ ਉਨ੍ਹਾਂ ਦੀ ਕਾਵਿ ਸ੍ਰਿਸ਼ਟੀ ਅਨੁਸਾਰ ਭਿੰਨ ਭਿੰਨ ਤਾਲਾਂ ਵਿਚ ਦਿੱਤੇ ਅੰਕਾਂ ਦੀ ਸੀਮਾ ਵਿਚ ਰਹਿੰਦੇ ਹੋਏ ਸਥਾਈ ਵਿਚ ਬੜੇ ਕਲਾਤਮਕ ਢੰਗ ਨਾਲ ਪ੍ਰਵੇਸ਼ ਕੀਤਾ ਜਾਂਦਾ ਹੈ। ਗੁਰਮਤਿ ਸੰਗੀਤ ਪਰੰਪਰਾ ਦੇ ਵਿਕਾਸ ਵਿਚ ਧਰੁਪਦ ਅਤੇ ਖਿਆਲ ਅੰਗ ਦੇ ਸੁਮੇਲ ਨਾਲ ਪੜਤਾਲ ਗਾਇਨ ਸ਼ੈਲੀ ਨੂੰ ਇਕੱਠਿਆਂ ਪ੍ਰਯੋਗ ਕਰਨ ਦਾ ਪ੍ਰਚਲਨ ਗੁਰਮਤਿ ਸੰਗੀਤ ਪਰੰਪਰਾ ਵਿਚ ਵਿਲੱਖਣ ਰੂਪ ਵਿੱਚ ਮੌਜੂਦ ਹੈ ਜਿਸ ਦੀ ਉਦਾਹਰਣ ਕਿਸੇ ਹੋਰ ਸੰਗੀਤਕ ਪਰੰਪਰਾ ਵਿਚ ਨਹੀਂ ਹੈ। ਸੋ ਪੜਤਾਲ ਗਾਇਨ ਲਈ ਗਾਇਨ ਕਰਤਾ ਨੂੰ ਧਰੁਪਦ, ਧਮਾਰ, ਖਿਆਲ, ਤਰਾਨਾ ਅਤੇ ਲੈਅ ਵਿਚ ਮਕਬੂਲ ਹੋਣਾ ਜ਼ਰੂਰੀ ਹੈ, ਸੁਰ ਅਤੇ ਗੁਰ ਦੀ ਸਮਝ ਗਲੇ ਦੀ ਤਿਆਰੀ, ਕੜਕਦੀ ਅਵਾਜ਼, ਸ਼ਬਦਾਂ ਦੇ ਉਚਾਰਨ ਦੀ ਸਮਝ ਹੋਣੀ ਜ਼ਰੂਰੀ ਹੈ।

ਸੰਖੇਪ ਵਿਚ ਅਸੀਂ ਇਹ ਹੀ ਕਹਿ ਸਕਦੇ ਹਾਂ ਕਿ ਗੁਰੂਰਾਮਦਾਸ ਜੀ ਨੇ ਲੋਕ ਗੀਤਾਂ ਦੀਆਂ ਪ੍ਰਚਲਿਤ ਧਾਰਨਾ ਉਪਰ ਵਿਕਸਿਤ ਹੋਇਆਂ ਲੋਕ ਧੁਨੀਆਂ ਅਤੇ ਗਾਇਨ ਸ਼ੈਲੀਆਂ ਨੂੰ ਆਪਣੇ ਵਿਚਾਰਾਂ ਦਾ ਵਾਹਨ ਬਣਾ ਕੇ ਆਪਣੀ ਬਾਣੀ ਰਾਹੀਂ ਆਮ ਲੋਕਾਂ ਨੂੰ ਸ਼ਬਦ ਗੁਰੂ ਦਾ ਉਪਦੇਸ਼ ਦਿੱਤਾ। ਲੋਕ ਅੰਤਰ ਵੇਦਨਾ ਤੋਂ ਇਨ੍ਹਾਂ ਲੋਕ ਗਾਇਨ ਸ਼ੈਲੀਆਂ ਨਾਲ ਬਹੁਤ ਨਜਦੀਕ ਤੋਂ ਜੁੜੇ ਹੋਏ ਸਨ ਇਸ ਲਈ ਉਨ੍ਹਾਂ ਦੈਵੀ ਗਿਆਨ ਅਤੇ ਪਰਮਾਰਥ ਦਾ ਗਿਆਨ ਕਰਾਉਣ ਲਈ ਇਹ ਸਭ ਤੋਂ ਵਧੀਆ ਮਾਧਿਅਮ ਸਨ।

ਹਵਾਲੇ ਅਤੇ ਟਿੱਪਣੀਆਂ

1 ਪ੍ਰੋ. ਸਾਹਿਬ ਸਿੰਘ, ਜੀਵਨ ਬਿਰਤਾਂਤ ਗੁਰੂਰਾਮਦਾਸ, ਪੰਨਾ 6.
2 ਹਿੰਮਤ ਸਿੰਘ ਸੋਢੀ, ਗੁਰੂਰਾਮਦਾਸ ਜੀਵਨ ਤੇ ਰਚਨਾ, ਪੰਨਾ 72.
3 ਹਿੰਮਤ ਸਿੰਘ ਸੋਢੀ, ਗੁਰੂਰਾਮਦਾਸ ਜੀਵਨ ਤੇ ਰਚਨਾ, ਪੰਨਾ 72.
4 ਡਾ. ਮਹਿੰਦਰ ਕੌਰ ਗਿੱਲ, ਆਦਿ ਗ੍ਰੰਥ ਲੋਕ ਰੂਪ, ਪੰਨਾ 186.
5 S.S. Kohli, A Critical Study of Adi Granth, Page 90.
6 ਸੰਤ ਸਿੰਘ ਸੇਖੋਂ, ਪੰਜਾਬੀ ਕਾਵਿ ਸ਼ਰੋਮਣੀ, ਪੰਨਾ 197.
7 ਚਰਨ ਸਿੰਘ, ਬਾਣੀ ਬਿਉਰਾ, ਪੰਨਾ 16.
8 ਗੁਰੂਗ੍ਰੰਥ ਸਾਹਿਬ, ਪੰਨਾ 575.
9 ਮਨਮੋਹਨ ਸਹਿਗਲ, ਗੁਰੂਗ੍ਰੰਥ ਸਾਹਿਬ : ਇਕ ਸੰਸਕ੍ਰਿਤ ਸਰਵੇਖਣ, ਪੰਨਾ 71.
10 ਕਾਨ੍ਹ ਸਿੰਘ ਨਾਭਾ, ਮਹਾਨ ਕੋਸ਼, ਪੰਨਾ 1082.
11 ਗੁਰਬਚਨ ਸਿੰਘ ਤਾਲਿਬ, ਸ੍ਰੀ ਗੁਰੂਗ੍ਰੰਥ ਸਾਹਿਬ, ਪੰਨਾ 169.
